## ਅਧਿਆਇ 33

# ਬਹਾਲੀ: ਪਰਮੇਸ਼ੁਰ ਦਾ ਆਪਣੀ ਹਜ਼ੂਰੀ ਬਾਰੇ ਵਾਅਦਾ

ਇਸਰਾਏਲ ਦੇ ਧਰਮ ਤਿਆਗ ਤੋਂ ਬਾਅਦ (ਅਧਿਆਇ 32), tਲੋਕਾਂ ਨੇ ਫਿਰ ਤੋਂ ਵਾਇਦਾ ਕੀਤੇ ਹੋਏ ਦੇਸ ਵੱਲ ਜਾਣ ਦੀ ਤਿਆਰੀ ਕੀਤੀ। ਪਰਮੇਸ਼ੁਰ ਨੇ ਉਸ ਦੇਸ ਵਿਚ ਜਾਣ ਦੇ ਆਪਣੇ ਵਾਇਦੇ ਨੂੰ ਦੁਹਰਾਇਆ ਜਿਸ ਦਾ ਉਸ ਨੇ ਉਨ੍ਹਾਂ ਦੇ ਪਿਉ-ਦਾਦਿਆਂ ਦੇ ਨਾਲ ਵਾਇਦਾ ਕੀਤਾ ਸੀ, ਜੋ ਉਨ੍ਹਾਂ ਨੂੰ ਵਿਸ਼ਵਾਸ ਦਿਵਾ ਰਿਹਾ ਸੀ ਕਿ ਉਹ ਉਨ੍ਹਾਂ ਦੇ ਸਾਹਮਣਿਓਂ ਕਨਾਨੀਆਂ ਨੂੰ ਕੱਢ ਦੇਵੇਗਾ। ਉਸ ਨੇ ਅੱਗੇ ਕਿਹਾ ਕਿ ਉਹ ਉਨ੍ਹਾਂ ਦੇ ਨਾਲ ਨਹੀਂ ਜਾਵੇਗਾ ਕਿਉਂਕਿ ਉਹ ਇਨ੍ਹਾਂ ਢੀਠ ਲੋਕਾਂ ਨੂੰ ਰਾਹ ਵਿਚ ਹੀ ਨਾਸ ਕਰ ਸਕਦਾ ਹੈ (33:1-3)। ਇਸ ਦੀ ਬਜਾਇ, ਇੱਕ ਸਵਰਗਦੂਤ ਉਨ੍ਹਾਂ ਦੇ ਅੱਗੇ ਅੱਗੇ ਜਾਵੇਗਾ। ਇਸ ਘੋਸ਼ਣਾ ਦੇ ਕਾਰਣ ਲੋਕ ਦੁਖੀ ਸਨ; ਇਸ ਲਈ ਪਰਮੇਸ਼ੁਰ ਦੇ ਕਹਿਣ ਤੇ, ਉਨ੍ਹਾਂ ਨੇ ਆਪਣੇ ਗਹਿਣੇ ਲਾਹ ਸੁੱਟੇ (33:4-6)।

ਡੇਰੇ ਤੋਂ ਬਾਹਰ ਲਗਾਏ ਗਏ ਤੰਬੂ ਵਿਚ ਪਰਮੇਸ਼ੁਰ ਮੂਸਾ ਦੇ ਦੁਆਰਾ ਨਿਰੰਤਰ ਲੋਕਾਂ ਦੇ ਨਾਲ ਗੱਲਬਾਤ ਕਰਦਾ ਰਿਹਾ। ਜਦੋਂ ਮੂਸਾ ਤੰਬੂ ਨੂੰ ਛੱਡ ਗਿਆ, ਤਾਂ ਯਹੋਸ਼ੁਆ ਉੱਥੇ ਰਹਾ (33:7-11)।

ਮੂਸਾ ਨੇ ਪਰਮੇਸ਼ੁਰ ਦੇ ਕੋਲੋਂ ਹੋਰ ਵੀ ਗਹਿਰੇ ਗਿਆਨ ਦੀ ਮੰਗ ਕੀਤੀ (33:12, 13), ਅਤੇ ਪਰਮੇਸ਼ੁਰ ਨੇ ਉੱਤਰ ਦਿੱਤਾ ਕਿ ਉਸ ਦੀ ਹਜ਼ੂਰੀ ਸੱਚਮੁੱਚ ਇਸਰਾਏਲ ਦੇ ਨਾਲ ਜਾਵੇਗੀ (33:14)। ਫਿਰ ਮੂਸਾ ਨੇ ਪਰਮੇਸ਼ੁਰ ਦੀ ਹਜ਼ੂਰੀ ਦੇ ਕੁੱਝ ਸਬੂਤ ਮੰਗੇ ਜੋ ਇਸਰਾਏਲ ਨੂੰ ਬਾਕੀ ਸਾਰੇ ਲੋਕਾਂ ਨੂੰ ਵੱਖਰਾ ਕਰਣਗੇ (33:15, 16)। ਪਰਮੇਸ਼ੁਰ ਨੇ ਉਸ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ (33:17)।

ਮੂਸਾ ਨੇ ਪੁੱਛਿਆ ਕਿ ਉਹ ਪਰਮੇਸ਼ੁਰ ਦੀ ਮਹਿਮਾ ਵੇਖ ਸਕਦਾ ਹੈ, ਅਤੇ ਪਰਮੇਸ਼ੁਰ ਆਪਣੇ ਆਪ ਨੂੰ ਮੂਸਾ ਨੂੰ ਦਿਖਾਉਣ ਦੇ ਲਈ ਰਾਜੀ ਹੋ ਗਿਆ (33:18, 19)। ਕਿਉਂਕਿ "ਕੋਈ ਆਦਮੀ [ਪਰਮੇਸ਼ੁਰ] ਨੂੰ ਵੇਖ ਕੇ ਜੀ ਨਹੀਂ ਸੱਕਦਾ," ਇਸ ਲਈ ਮੂਸਾ ਨੂੰ ਪੱਥਰ ਦੀ ਇੱਕ ਖੁੰਧਰ ਵਿਚ ਖੜ੍ਹੇ ਹੋਣਾ ਪਵੇਗਾ, ਅਤੇ ਪਰਮੇਸ਼ੁਰ ਉਸ ਸਮੇਂ ਤੱਕ ਉਸ ਨੂੰ ਢੱਕ ਛੱਡੇਗਾ ਜਦੋਂ ਤੱਕ ਉਹ ਲੰਘ ਨਾ ਜਾਵੇ। ਫਿਰ ਮੂਸਾ ਨੂੰ ਪਰਮੇਸ਼ੁਰ ਦਾ ਪਿੱਛਾ ਵੇਖਣ ਦਿੱਤਾ ਜਾਵੇਗਾ (33:20-23)।

## ਪਰਮੇਸ਼ੁਰ ਦਾ ਆਪਣੇ ਲੋਕਾਂ ਤੋਂ ਪਿੱਛੇ ਹਟਣਾ (33:1-6)

**1ਯਹੋਵਾਹ ਮੂਸਾ ਨੂੰ ਬੋਲਿਆ, ਏਥੋਂ ਤੁਰ ਕੇ ਤੂੰ ਅਤੇ ਏਹ ਲੋਕ ਜਿਨ੍ਹਾਂ ਨੂੰ ਤੂੰ ਮਿਸਰ ਦੇਸ ਤੋਂ**
**ਕੱਢ ਲਿਆਇਆ ਉਸ ਦੇਸ ਨੂੰ ਉਤਾਹਾਂ ਜਾਣ ਜਿਹ ਦੇ ਲਈ ਮੈਂ ਅਬਰਾਹਾਮ, ਇਸਹਾਕ ਅਰ**
**ਯਾਕੂਬ ਨਾਲ ਸੌਂਹ ਖਾਧੀ ਕਿ ਮੈਂ ਏਹ ਤੁਹਾਡੀ ਅੰਸ ਨੂੰ ਦੇਵਾਂਗਾ। 2ਅਰ ਮੈਂ ਤੇਰੇ ਅੱਗੇ ਇੱਕ ਦੂਤ**

**ਘੱਲਾਂਗਾ ਅਰ ਮੈਂ ਕਨਾਨੀ, ਅਮੋਰੀ, ਹਿੱਤੀ, ਫਰਿੱਜੀ, ਹਿੱਵੀ ਅਰ ਯਬੂਸੀਆਂ ਨੂੰ ਧੱਕ ਦੇਵਾਂਗਾ।**
**3ਉਸ ਦੇਸ ਵਿੱਚ ਦੁੱਧ ਅਤੇ ਸ਼ਹਿਤ ਵਗਦਾ ਹੈ ਪਰ ਮੈਂ ਤੁਹਾਡੇ ਨਾਲ ਨਾਲ ਉਤਾਹਾਂ ਨਾ ਜਾਵਾਂਗਾ**
**ਕਿਉਂ ਜੋ ਤੁਸੀਂ ਹਾਠੇ ਲੋਕ ਹੋ ਮਤੇ ਮੈਂ ਤੁਹਾਨੂੰ ਰਾਹ ਵਿੱਚ ਭਸਮ ਕਰ ਦਿਆਂ। 4ਜਾਂ ਲੋਕਾਂ ਨੇ ਏਹ**
**ਬੁਰੀ ਗੱਲ ਸੁਣੀ ਤਾਂ ਉਨ੍ਹਾਂ ਨੇ ਵਿਰਲਾਪ ਕੀਤਾ ਅਤੇ ਕਿਸੇ ਮਨੁੱਖ ਨੇ ਆਪਣੇ ਗਹਿਣੇ ਨਾ ਪਾਏ।**
**5ਤਾਂ ਯਹੋਵਾਹ ਨੇ ਮੂਸਾ ਨੂੰ ਫ਼ਰਮਾਇਆ, ਤੂੰ ਇਸਰਾਏਲੀਆਂ ਨੂੰ ਆਖ ਕਿ ਤੁਸੀਂ ਹਾਠੇ ਲੋਕ ਹੋ। ਜੇ**
**ਮੈਂ ਇੱਕ ਪਲ ਲਈ ਤੁਹਾਡੇ ਨਾਲ ਨਾਲ ਉਤਾਹਾਂ ਜਾਵਾਂ ਤਾਂ ਮੈਂ ਤੁਹਾਨੂੰ ਭਸਮ ਕਰ ਦੇਵਾਂਗਾ ਪਰ**
**ਹੁਣ ਆਪਣੇ ਗਹਿਣੇ ਆਪ ਤੋਂ ਲਾਹ ਸੁੱਟੋ ਤਾਂ ਜੋ ਮੈਂ ਜਾਣਾਂ ਭਈ ਤੁਹਾਡੇ ਨਾਲ ਕੀ ਕਰਾਂ।**
**6ਇਸਰਾਏਲੀਆਂ ਨੇ ਹੋਰੇਬ ਦੇ ਪਹਾੜ ਦੇ ਪਰੇ ਆਪਣੇ ਗਹਿਣੇ ਲਾਹ ਸੁੱਟੇ।**

**ਆਇਤਾਂ 1, 2.** ਜਿਸ ਬਵਾ ਦੇ ਨਾਲ **ਯਹੋਵਾਹ** ਨੇ ਇਸਰਾਏਲੀਆਂ ਨੂੰ ਸਜ਼ਾ ਦਿੱਤੀ ਸੀ ਉਸ ਤੋਂ ਬਾਅਦ, ਉਸ ਨੇ ਉਨ੍ਹਾਂ ਨੂੰ ਆਪਣੀਆਂ ਹਿਦਾਇਤਾਂ ਯਾਦ ਕਰਾਈਆਂ ਜੋ ਉਸ ਨੇ **ਮੂਸਾ** ਦਿੱਤੀਆਂ ਸਨ ਕਿ ਉਹ ਉਨ੍ਹਾਂ ਲੋ [ਕਾਂ] ਦੀ ਅਗਵਾਈ ਵਾਇਦਾ ਕੀਤੇ ਦੇਸ ਵੱਲ ਕਰੇ ਜਿਨ੍ਹਾਂ ਨੂੰ ਉਹ **ਮਿਸਰ ਦੇਸ** ਤੋਂ ਕੱਢ ਲਿਆਇਆ ਸੀ। ਫਿਰ ਪਰਮੇਸ਼ੁਰ ਨੇ ਉਨ੍ਹਾਂ ਨੂੰ **ਇੱਕ ਦੂਤ** ਦੀ ਅਗਵਾਈ (23:20, 21; 32:34 ਤੇ ਟਿੱਪਣੀਆਂ ਵੇਖੋ), ਅਤੇ ਇਸ ਦੇ ਨਾਲ ਨਾਲ ਉਸ ਦੇਸ ਵਿਚੋਂ ਗ਼ੈਰ ਕੌਮਾਂ ਕੱਢਣ ਵਿਚ ਆਪ ਉਨ੍ਹਾਂ ਦੀ ਅਗਵਾਈ ਕਰਨ ਦਾ ਯਕੀਨ ਦਿਵਾਇਆ। ਫਿਰ ਉਸ ਨੇ ਛੇ ਕੌਮਾਂ ਦਾ ਨਾਮ ਦਿੱਤਾ ਜਿਨ੍ਹਾਂ ਨੂੰ ਇਸਰਾਏਲੀਆਂ ਨੇ ਉਸ ਦੇਸ ਚੋਂ ਬਾਹਰ ਕੱਢਣਾ ਸੀ (3:8 ਤੇ ਟਿੱਪਣੀਆਂ ਵੇਖੋ)।

**ਆਇਤ 3.** ਪਰਮੇਸ਼ੁਰ ਨੇ ਪਰੇਸ਼ਾਨ ਕਰਨ ਵਾਲੀ ਖਬਰ ਨੂੰ ਜੋੜਿਆ ਕਿ, ਜਦੋਂ ਉਹ ਚੰਗੀ ਧਰਤੀ ਵਿਚੋਂ ਜਾ ਰਹੇ ਸਨ ਜਿੱਥੇ **ਦੁੱਧ ਅਤੇ ਸ਼ਹਿਤ ਵਗਦਾ** ਸੀ, ਤਾਂ ਉਹ ਉਨ੍ਹਾਂ ਦੇ ਨਾਲ ਨਹੀਂ **ਜਾ** [ਵੇਗਾ]। ਉਸ ਨੇ ਉਨ੍ਹਾਂ ਦੇ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ **ਹਾਠੇ ਲੋਕ** ਸਨ ਅਤੇ ਉਹ [ਉਨ੍ਹਾਂ ਨੂੰ] **ਰਾਹ ਵਿੱਚ ਭਸਮ ਕਰ** ਕਰ ਸਕਦਾ ਸੀ।

ਇਸਰਾਏਲ ਦੇ ਧਰਮ ਤਿਆਗ ਦਾ ਇੱਕ ਹੋਰ ਨਤੀਜਾ ਪਰਮੇਸ਼ੁਰ ਦੀ ਹਜ਼ੂਰੀ ਦਾ ਨਾ ਹੋਣਾ ਸੀ। ਇਸਰਾਏਲ ਨੇ ਆਪਣੇ ਆਪ ਦੇ "ਜਿੱਦੀ" ਹੋਣ ਨੂੰ ਵਿਖਾਇਆ ਸੀ - ਇੱਕ ਜਿੱਦੀ ਅਤੇ ਵਿਦਰੋਹੀ ਕੌਮ ਜੋ ਪਰਮੇਸ਼ੁਰ ਦਾ ਅਣਆਗਿਆਕਾਰੀ ਕਰਨ ਤੇ ਅੜੀ ਹੋਈ ਸੀ (32:9 ਦੀਆਂ ਟਿੱਪਣੀਆਂ ਨੂੰ ਵੇਖੋ)। ਇੱਕ ਤਰ੍ਹਾਂ ਦੇ ਨਾਲ, ਪਰਮੇਸ਼ੁਰ ਦੀ ਗ਼ੈਰ-ਹਾਜ਼ਰੀ, ਇਸਰਾਏਲ ਦੇ ਲਈ ਇੱਕ ਅਸੀਸ ਹੋਵੇਗੀ, ਕਿਉਂਕਿ ਵਿਦਰੋਹੀ ਲੋਕਾਂ ਦੇ ਵਿਚਕਾਰ ਇੱਕ ਪਵਿੱਤਰ ਪਰਮੇਸ਼ੁਰ ਦੀ ਹਜ਼ੂਰੀ ਨੇ ਯਕੀਨੀ ਤੌਰ ਤੇ ਉਨ੍ਹਾਂ ਨੂੰ ਖ਼ਤਰੇ ਵਿਚ ਪਾ ਦੇਣਾ ਸੀ। ਲਗਭਗ ਨਿਸ਼ਚਤ ਤੌਰ ਤੇ, ਜੇਕਰ ਪਰਮੇਸ਼ੁਰ ਉਨ੍ਹਾਂ ਦੇ ਵਿਚਕਾਰ ਰਹਿੰਦਾ, ਤਾਂ ਉਨ੍ਹਾਂ ਨੇ ਪਾਪ ਕਰਣਾ ਸੀ ਅਤੇ ਉਸ ਨੇ ਉਨ੍ਹਾਂ ਨੂੰ ਨਾਸ ਕਰ ਦੇਣਾ ਸੀ। ਆਰ. ਐਲਨ ਕੋਲ ਦੇ ਅਨੁਸਾਰ, "ਇਹ ਇਨਕਾਰ ਸੁਰੱਖਿਆਤਮਕ ਸੀ। ਕਿਉਂਕਿ ਜੇਕਰ ਯਹੋਵਾਹ ਇਸਰਾਏਲ ਦੇ ਪਾਪ ਕਰਣ ਦੇ ਵੇਲੇ ਉਨ੍ਹਾਂ ਦੇ ਬਹੁਤ ਹੀ ਨੇੜੇ ਹੁੰਦਾ ਹੈ, ਤਾਂ ਉਸ ਦਾ ਕ੍ਰੋਧ ਭੜਕ ਉੱਠੇਗਾ ਅਤੇ ਉਹ ਮਰ ਜਾਣਗੇ।"[1]

**ਆਇਤ 4. ਲੋਕਾਂ ਨੇ** ਸਪੱਸ਼ਟ ਤੌਰ ਤੇ ਪਰਮੇਸ਼ੁਰ ਦੇ ਚਲੇ ਜਾਣ ਨੂੰ ਇੱਕ ਬਰਕਤ ਦੇ ਰੂਪ ਵਿਚ ਨਹੀਂ ਵੇਖਿਆ। ਇਸ ਦੇ ਉਲਟ, **ਉਨ੍ਹਾਂ ਨੇ ਵਿਰਲਾਪ ਕੀਤਾ**, ਤੌਬਾ ਦੇ ਰੂਪ ਵਿਚ ਆਪਣੇ ਗਹਿਣਿਆਂ (ਗਹਿਣੇ) **ਲਾਹ ਸੁੱਟੇ।** ਇਸ ਨੇਮ ਦੀ ਮਹੱਤਤਾ ਨੂੰ ਇਸ ਤੱਥ ਵਿਚ ਵਧਾਇਆ ਜਾ ਸਕਦਾ ਹੈ ਕਿ ਕੰਨਾਂ ਦੇ ਵਾਲਿਆਂ ਨੂੰ ਸੋਨੇ ਦਾ ਬੱਛਾ ਬਣਾਉਣ ਵਿਚ ਵਰਤਿਆ ਗਿਆ ਸੀ ਅਤੇ ਉਹ ਕਦੀ ਕਦੀ ਮੂਰਤੀ ਪੂਜਾ ਨਾਲ ਜੁੜੇ ਹੋਏ ਸਨ (32:2, 3 ਦੀਆਂ ਟਿੱਪਣੀਆਂ ਵੇਖੋ)।

**ਆਇਤਾਂ 5, 6.** ਬਿਰਤਾਂਤ ਉਤਸਾਹਿਤ ਕਰਦਾ ਹੈ ਕਿ ਗਹਿਣਿਆਂ ਨੂੰ ਲਾਹ ਸੁੱਟਣਾ ਪਰਮੇਸ਼ੁਰ ਦੇ ਹੁਕਮ ਦੇ ਅਨੁਸਾਰ ਹੋਇਆ ਸੀ। **ਮੂਸਾ** ਦੇ ਰਾਹੀਂ, **ਯਹੋਵਾਹ ਨੇ ਇਸਰਾਏਲੀਆਂ** ਤੇ

**ਹਾਠੇ** ਅਤੇ ਵਿਦਰੋਹੀ **ਲੋਕ** ਹੋਣ ਦਾ ਦੋਸ਼ ਲਾਇਆ ਸੀ ਅਤੇ ਉਨ੍ਹਾਂ ਨੂੰ ਦੱਸਿਆ ਸੀ ਕਿ ਜੇਕਰ ਉਹ ਉਨ੍ਹਾਂ ਦੀ ਯਾਤਰਾ ਵਿਚ ਉਨ੍ਹਾਂ ਦੇ ਨਾਲ ਹੋਵੇਗਾ ਤਾ ਕੀ ਹੋਵੇਗਾ। ਫਿਰ ਉਸ ਨੇ ਇਸਰਾਏਲੀਆਂ ਨੂੰ ਹੁਕਮ ਦਿੱਤਾ ਕਿ [ਆਪਣੇ] **ਗਹਿਣੇ ਆਪ ਤੋਂ ਲਾਹ ਸੁੱਟੋ** (ਸੁੱਟਣ), ਜਿਸ ਦਾ ਅਰਥ ਇਹ ਹੈ ਕਿ ਉਸ ਨੇ ਹਾਲੇ ਤੱਕ ਇਹ ਫ਼ੈਸਲਾ ਨਹੀਂ ਕੀਤਾ ਸੀ ਕਿ ਉਨ੍ਹਾਂ ਨਾਲ ਕੀ ਕਰਨਾ ਹੈ। ਇਸ ਸੰਭਾਵਨਾ ਦਾ ਸਾਹਮਣਾ ਕਰਦੇ ਹੋਏ ਕਿ ਪਰਮੇਸ਼ੁਰ ਉਨ੍ਹਾਂ ਨੂੰ ਤਬਾਹ ਕਰ ਸੱਕਦਾ ਹੈ, ਇਸਰਾਏਲੀਆਂ ਨੇ **ਆਪਣੇ ਗਹਿਣੇ ਲਾਹ ਸੁੱਟੇ**। ਉਨ੍ਹਾਂ ਨੇ **ਹੋਰੇਬ ਦੇ ਪਹਾੜ ਦੇ ਪਰੇ** ਆਪਣੇ ਗਹਿਣੇ ਪਹਿਨਣ ਤੋਂ ਪਰਹੇਜ਼ ਕੀਤਾ, ਅਰਥਾਤ, ਉਜਾੜ ਵਿਚ ਆਪਣੇ ਪੂਰੇ ਸਾਲਾਂ ਵਿਚ।

## ਪਰਮੇਸ਼ੁਰ ਵੱਲੋਂ ਆਪਣੇ ਆਪ ਨੂੰ ਪਰਗਟ ਕਰਨ ਦਾ ਭਰੋਸਾ (33:7-23)

### ਪਰਮੇਸ਼ੁਰ ਨੇ ਪਹਿਲਾਂ ਆਪਣੇ ਆਪ ਨੂੰ ਕਿਵੇਂ ਪਰਗਟ ਕੀਤਾ ਸੀ (33:7-11)

**7ਤਾਂ ਮੂਸਾ ਇੱਕ ਤੰਬੂ ਲੈਕੇ ਡੇਰੇ ਤੋਂ ਬਾਹਰ ਅਤੇ ਦੂਰ ਲਾ ਲੈਂਦਾ ਸੀ ਅਤੇ ਉਸ ਨੂੰ ਮੰਡਲੀ ਦਾ
ਤੰਬੂ ਆਖਿਆ ਤਾਂ ਐਉਂ ਹੋਇਆ ਭਈ ਜੋ ਕੋਈ ਯਹੋਵਾਹ ਨੂੰ ਭਾਲਦਾ ਸੀ ਸੋ ਮੰਡਲੀ ਦੇ ਤੰਬੂ ਨੂੰ
ਡੇਰੇ ਤੋਂ ਬਾਹਰ ਜਾਂਦਾ ਸੀ। 8ਅਰ ਐਉਂ ਸੀ ਕਿ ਜਦ ਮੂਸਾ ਉਸ ਤੰਬੂ ਵਿੱਚ ਜਾਂਦਾ ਸੀ ਤਾਂ ਸਾਰੇ
ਲੋਕ ਉੱਠ ਕੇ ਆਪੋ ਆਪਣੇ ਤੰਬੂ ਦੇ ਬੂਹੇ ਕੋਲ ਖਲੋ ਜਾਂਦੇ ਸਨ ਅਤੇ ਮੂਸਾ ਨੂੰ ਵੇਖਦੇ ਰਹਿੰਦੇ ਸਨ
ਜਿੰਨਾ ਚਿਰ ਉਹ ਤੰਬੂ ਦੇ ਵਿੱਚ ਅੰਦਰ ਨਾ ਵੜ ਜਾਂਦਾ। 9ਅਤੇ ਐਉਂ ਸੀ ਭਈ ਜਾਂ ਮੂਸਾ ਤੰਬੂ ਦੇ
ਵਿੱਚ ਵੜ ਜਾਂਦਾ ਸੀ ਤਾਂ ਬੱਦਲ ਦਾ ਥੰਮ੍ਹ ਉੱਤਰਦਾ ਸੀ ਅਤੇ ਤੰਬੂ ਦੇ ਬੂਹੇ ਉੱਤੇ ਖਲੋ ਜਾਂਦਾ ਸੀ
ਤਾਂ ਯਹੋਵਾਹ ਮੂਸਾ ਨਾਲ ਗੱਲ ਕਰਦਾ ਸੀ। 10ਜਦ ਸਾਰਿਆਂ ਲੋਕਾਂ ਨੇ ਬੱਦਲ ਦੇ ਥੰਮ੍ਹ ਨੂੰ ਤੰਬੂ ਦੇ
ਬੂਹੇ ਉੱਤੇ ਖਲੋਤਾ ਵੇਖਿਆ ਤਾਂ ਸਾਰੇ ਲੋਕ ਉੱਠ ਖਲੋਤੇ ਅਰ ਆਪੋ ਆਪਣੇ ਤੰਬੂ ਦੇ ਬੂਹੇ ਵਿੱਚ ਮੱਥਾ
ਟੇਕਿਆ। 11ਤਾਂ ਯਹੋਵਾਹ ਮੂਸਾ ਨਾਲ ਆਹਮੋ ਸਾਹਮਣੇ ਗੱਲਾਂ ਕਰਦਾ ਸੀ ਜਿਵੇਂ ਕੋਈ ਮਨੁੱਖ ਆਪਣੇ
ਸਜਣ ਨਾਲ ਬੋਲਦਾ ਹੈ ਅਤੇ ਉਹ ਫੇਰ ਡੇਰੇ ਨੂੰ ਮੁੜ ਜਾਂਦਾ ਸੀ ਪਰ ਉਸ ਦਾ ਇੱਕ ਗਭਰੂ ਸੇਵਾਦਾਰ
ਨੂਨ ਦਾ ਪੁੱਤ੍ਰ ਯਹੋਸ਼ੁਆ ਤੰਬੂ ਦੇ ਵਿੱਚੋਂ ਨਾ ਹਿੱਲਦਾ ਸੀ।**

**ਆਇਤ 7.** ਇਹ ਭਾਗ ਇਹ ਜਾਣਕਾਰੀ ਦਿੰਦਾ ਹੈ ਕਿ ਕਿੱਥੇ ਅਤੇ ਕਿਵੇਂ **ਮੂਸਾ ਯਹੋਵਾਹ** ਨਾਲ ਗੱਲਬਾਤ ਕਰਦਾ ਹੁੰਦਾ ਸੀ। ਉਹ **ਮੰਡਲੀ ਦੇ ਤੰਬੂ** ਵਿਚ ਪਰਮੇਸ਼ੁਰ ਤੋਂ ਪ੍ਰਕਾਸ਼ਣ ਪ੍ਰਾਪਤ ਕਰਦਾ ਸੀ ਜੋ ਉਸ ਨੇ **ਡੇਰੇ ਤੋਂ ਬਾਹਰ** ਸਥਾਪਤ ਕੀਤਾ ਸੀ - ਅਸਲ ਵਿਚ, **ਡੇਰੇ ਤੋਂ ਬਾਹਰ ਅਤੇ ਦੂਰ**। ਅਤੇ ਜੋ ਲੋਕ ਪਰਮੇਸ਼ੁਰ ਦੀ ਮਰਜੀ ਨੂੰ ਜਾਣਨਾ ਚਾਹੁੰਦੇ ਸਨ ਉਹ **ਡੇਰੇ ਤੋਂ ਬਾਹਰ ਜਾਂਦਾ** ਅਤੇ ਤੰਬੂ ਵਿਚ ਇਸ ਦੀ ਭਾਲ ਕਰਦਾ ਸੀ।

ਇਸ ਸੰਦਰਭ ਵਿਚ "ਮੰਡਲੀ ਦਾ ਤੰਬੂ" ਨੂੰ ਬਾਅਦ ਵਿਚ ਬਣਾਏ ਗਏ ਡੇਹਰੇ ਨਾਲ ਗੜਬੜੀ ਵਿਚ ਨਹੀਂ ਪਾਉਣਾ ਚਾਹੀਦਾ ਹੈ - ਭਾਵੇਂ ਪੁਸਤਕ ਵਿਚ ਡੇਹਰੇ ਨੂੰ ਬਾਰ ਬਾਰ ਇਸੇ ਨਾਮ ਨਾਲ ਦਰਸਾਇਆ ਗਿਆ ਸੀ (27:21; 28:43; 29:4; 30:16; 31:7; 35:21; 39:32; 40:2)। ਇਹ ਤੰਬੂ ਮੂਸਾ ਦੁਆਰਾ ਖੁਦ ਬਣਾਇਆ ਗਿਆ ਸੀ, ਪਰ ਡੇਹਰੇ ਦਾ ਤੰਬੂ ਬਹੁਤ ਹੀ ਵੱਡਾ ਸੀ ਕਿ ਇੱਕ ਵਿਅਕਤੀ ਉਸ ਨੂੰ ਇੱਧਰ-ਉੱਧਰ ਲਿਜਾਇਆ ਅਤੇ ਸਥਾਪਤ ਨਹੀਂ ਸਕਦਾ ਸੀ। ਇਸ ਤੋਂ ਇਲਾਵਾ, ਲੇਵੀਆਂ ਦੇ ਕੋਲ ਉਸ ਨੂੰ ਲੈ ਜਾਣ ਅਤੇ ਸਥਾਪਤ ਕਰਨ ਵਿਸ਼ੇਸ਼ ਜ਼ਿੰਮੇਵਾਰੀ ਸੀ। ਜਦਕਿ ਇਹ ਤੰਬੂ "ਡੇਹਰੇ ਦੇ ਬਾਹਰ" ਖੜਾ ਕੀਤਾ ਜਾਂਦਾ ਸੀ, ਜਦਕਿ ਤੰਬੂ ਨੂੰ ਡੇਹਰੇ ਦੇ ਵਿਚਕਾਰ ਸਥਾਪਤ ਕੀਤਾ ਜਾਂਦਾ ਸੀ (ਗਿਣਤੀ 2:1, 2)। ਇਸ ਤੋਂ ਇਲਾਵਾ, ਇਸ ਤੰਬੂ ਦਾ ਉਦੇਸ਼ ਤੰਬੂਦੇ

ਉਦੇਸ਼ ਤੋਂ ਵੱਖਰਾ ਸੀ। ਪ੍ਰਭੂ ਸਮੇਂ ਸਮੇਂ ਤੇ ਮੂਸਾ ਨਾਲ ਇਸ ਤੰਬੂ ਵਿਚ ਮਿਲਦਾ ਹੁੰਦਾ ਸੀ, ਜਦਕਿ ਤੰਬੂ ਵਧੇਰੇ ਸਥਾਈ ਨਿਵਾਸ - ਸਥਾਨ ਬਣ ਗਿਆ ਸੀ। ਇਹ ਤੰਬੂ ਪ੍ਰਕਾਸ਼ਣ ਦੇ ਇੱਕ ਸਥਾਨ ਦੇ ਰੂਪ ਵਿਚ ਕੰਮ ਕਰਦਾ ਸੀ, ਜਦਕਿ ਤੰਬੂ ਮੁੱਖ ਤੌਰ ਤੇ ਬਲੀਦਾਨ ਅਤੇ ਅਰਾਧਨਾ ਦੇ ਸਥਾਨ ਵਜੋਂ ਕੰਮ ਕਰਦਾ ਸੀ।

**ਆਇਤ 8.** ਜਦੋਂ **ਮੂਸਾ** ਪਰਮੇਸ਼ੁਰ ਨੂੰ ਮਿਲਣ ਦੇ ਲਈ **ਉਸ ਤੰਬੂ ਵਿੱਚ ਜਾਂਦਾ ਹੁੰਦਾ ਸੀ** ਤਾਂ ਇਸਰਾਏਲੀ ਉਸ ਨੂੰ ਵਿਸ਼ੇਸ਼ ਸਨਮਾਨ ਦਿੰਦੇ ਸਨ। ਤੰਬੂ ਵਿਚ, **ਲੋਕ ਉੱਠ ਕੇ ਖਲੋ ਜਾਂਦੇ** ਸਨ ਅਤੇ ਉਸ ਨੂੰ **ਵੇਖਦੇ ਰਹਿੰਦੇ** ਸਨ **ਜਿੰਨਾ ਚਿਰ ਉਹ ਤੰਬੂ ਦੇ ਵਿਚ ਅੰਦਰ ਨਾ ਵੜ ਜਾਂਦਾ।** ਇਸ ਤਰੀਕੇ ਨਾਲ, ਉਹ ਪਰਮੇਸ਼ੁਰ ਨਾਲ ਮੁਲਾਕਾਤ ਦੇ ਲਈ ਆਪਣੇ ਆਦਰ ਅਤੇ ਸਨਮਾਨ ਦਾ ਪ੍ਰਦਰਸ਼ਣ ਕਰਦੇ ਸਨ।

**ਆਇਤਾਂ 9, 10.** ਉੱਥੇ, **ਯਹੋਵਾਹ ਬੱਦਲ ਦੇ ਥੰਮ੍ਹ** ਵਿਚ ਉੱਤਰਿਆ ਅਤੇ **ਮੂਸਾ** ਨੂੰ ਆਪਣਾ ਵਚਨ ਸੁਣਾਇਆ। ਇਸ ਤੋਂ ਪਹਿਲਾਂ ਕੂਚ ਵਿਚ, "ਬੱਦਲ ਦਾ ਥੰਮ੍ਹ" ਨੇ ਉਜਾੜ ਦੇ ਵਿਚ ਇਸਰਾਏਲੀਆਂ ਦੀ ਅਗਵਾਈ ਕੀਤੀ ਅਤੇ ਉਨ੍ਹਾਂ ਨੂੰ ਮਿਸਰ ਦੀ ਸੈਨਾ ਤੋਂ ਬਚਾ ਲਿਆ (13:21, 22; 14:19)। ਇਸ ਮੌਕੇ ਤੇ, ਪਰਮੇਸ਼ੁਰ ਨੇ ਆਪਣੇ ਲੋਕਾਂ ਦੇ ਆਗੂ ਦੇ ਨਾਲ ਆਪਣੀ ਮੁਲਾਕਾਤ ਦਾ ਪ੍ਰਦਰਸ਼ਣ ਕੀਤਾ। ਜਦੋਂ ਪਰਮੇਸ਼ੁਰ **ਥੰਮ੍ਹ** ਵਿਚ ਉਤਰਿਆ, ਤਾਂ ਸਾਰੇ ਲੋਕ ਉੱਠ ਖਲੋਤੇ ਅਤੇ **ਲੋ** (ਕਾਂ) ਨੇ ਵੇਖਿਆ ਅਤੇ ਹਰੇਕ ਨੇ **ਆਪੋ ਆਪਣੇ ਤੰਬੂ ਦੇ ਬੂਹੇ ਵਿੱਚ ਮੱਥਾ ਟੇਕਿਆ।**

**ਆਇਤ 11.** ਉਨ੍ਹਾਂ ਦਿਨਾਂ ਵਿਚ **ਯਹੋਵਾਹ ਮੂਸਾ ਨਾਲ ਆਹਮੋ ਸਾਹਮਣੇ** ਗੱਲਾਂ ਕਰਦਾ ਸੀ। ਇਹ ਵਿਵਰਣ ਉਸ ਨਿਕਟ ਗੱਲਬਾਤ ਦੀ ਤਸਵੀਰ ਖਿੱਚਦਾ ਹੈ ਜੋ, ਹੋਰਨਾਂ ਇਸਰਾਏਲੀਆਂ ਦੀ ਬਜਾਇ, ਪਰਮੇਸ਼ੁਰ ਮੂਸਾ ਦੇ ਨਾਲ ਸਾਂਝੀ ਕਰਦਾ ਸੀ। ਸੀਨਈ ਪਹਾੜ ਦੇ ਹੇਠਾਂ ਪਰਮੇਸ਼ੁਰ ਨੇ ਇਸਰਾਏਲੀਆਂ ਦੇ ਨਾਲ "ਆਹਮੋ-ਸਾਹਮਣੇ" ਗੱਲ ਕੀਤੀ ਸੀ, ਪਰ ਉਨ੍ਹਾਂ ਨੇ ਮੂਸਾ ਦੇ ਸਾਹਮਣੇ ਮਿੰਨਤ ਕੀਤੀ ਕਿ ਇਸ ਦੀ ਬਜਾਇ ਪਰਮੇਸ਼ੁਰ ਉਸ ਦੇ ਦੁਆਰਾ ਉਨ੍ਹਾਂ ਨਾਲ ਗੱਲਬਾਤ ਕਰੇ (ਬਿਵਸਥਾ ਸਾਰ 5:4, 23-27)। ਪਰਮੇਸ਼ੁਰ ਨੇ ਮੂਸਾ ਦੇ ਨਾਲ ਜੋ ਸਿੱਧੀ ਗੱਲਬਾਤ ਕੀਤੀ, ਉਹ ਉਸ ਪ੍ਰਕਾਸ਼ਣ ਤੋਂ ਉਲਟ ਹੈ ਜੋ ਉਸ ਨੇ ਸੁਪਨੇ ਜਾਂ ਦਰਸ਼ਣਾਂ ਵਿਚ ਹੋਰਨਾਂ ਨਬੀਆਂ ਨੂੰ ਦਿੱਤਾ ਸੀ: "'ਮੇਰਾ ਦਾਸ ਮੂਸਾ ਇਹੋ ਜਿਹਾ ਨਹੀਂ। ਉਹ ਮੇਰੇ ਸਾਰੇ ਘਰ ਵਿੱਚ ਅਤਬਾਰ ਵਾਲਾ ਹੈ। ਮੈਂ ਉਹ ਦੇ ਨਾਲ ਆਹਮੋ ਸਾਹਮਣੇ ਖੁੱਲ੍ਹ ਕੇ ਗੱਲਾਂ ਕਰਾਂਗਾ, ਬੁਝਾਰਤਾਂ ਵਿੱਚ ਨਹੀਂ, ਅਤੇ ਉਹ ਯਹੋਵਾਹ ਦਾ ਸਰੂਪ ਵੇਖੇਗਾ'" (ਗਿਣਤੀ 12:7, 8; ਵੇਖੋ ਬਿਵਸਥਾ ਸਾਰ 34:10)।

ਵਾਕ **ਜਿਵੇਂ ਕੋਈ ਮਨੁੱਖ ਆਪਣੇ ਸਜਣ ਨਾਲ ਬੋਲਦਾ ਹੈ** ਵਾਕ ਅੱਗੇ ਮੂਸਾ ਅਤੇ ਪਰਮੇਸ਼ੁਰ ਦੇ ਵਿਚਕਾਰ ਗੂੜ੍ਹ ਸੰਬੰਧਾਂ ਦੀ ਤਸਵੀਰ ਖਿੱਚਦਾ ਹੈ। ਨੂਹ ਅਤੇ ਹਨੋਕ ਵਰਗੇ ਹੋਰ ਮਹਾਨ ਵਿਸ਼ਵਾਸੀ ਮਨੁੱਖਾਂ ਨੂੰ "ਪਰਮੇਸ਼ੁਰ ਦੇ ਸੰਗ ਚਲਦਾ ਰਿਹਾ" ਦੇ ਰੂਪ ਵਿਚ ਵਰਣਨ ਕੀਤਾ ਗਿਆ ਹੈ (ਉਤਪਤ 5:22, 24; 6:9)। ਇਸ ਤੋਂ ਇਲਾਵਾ, ਅਬਰਾਹਾਮ ਨੂੰ "ਪਰਮੇਸ਼ੁਰ ਦਾ ਮਿੱਤਰ" ਕਿਹਾ ਜਾਂਦਾ ਸੀ (ਯਾਕੂਬ 2:23; ਵੇਖੋ 2 ਇਤਹਾਸ 20:7; ਯਸਾਯਾਹ 41:8)।

ਜਦੋਂ **ਮੂਸਾ** ਉੱਥੇ ਨਹੀਂ ਸੀ ਤਾਂ **ਯਹੋਸ਼ੁਆ** ਨੇ ਤੰਬੂ ਦੀ ਦੇਖਭਾਲ ਕੀਤੀ। ਜੌਨ ਆਈ. ਡਰਹਮ ਨੇ ਦੱਸਿਆ ਕਿ ਤੰਬੂ ਵਿਚ ਯਹੋਸ਼ੁਆ ਦੀ ਮੌਜੂਦਗੀ ਨੂੰ ਮੂਸਾ ਦੀ ਗ਼ੈਰ-ਹਾਜ਼ਰੀ ਵਿਚ "ਯਹੋਵਾਹ ਦੇ ਸਾਹਮਣੇ ਇੱਕ ਵਿਚੋਲਗੀ" ਦੇ ਰੂਪ ਵਿਚ ਨਹੀਂ ਸਮਝਿਆ ਜਾਣਾ ਚਾਹੀਦਾ ਹੈ, ਪਰ ਇਸ ਦੀ ਬਜਾਇ "ਤੰਬੂ ਵਿਚ ਉਸ ਦੀ ਭੂਮਿਕਾ ਸ਼ਾਇਦ ਇੱਕ ਗਾਰਡ ਦੀ ਹੈ।"[2] ਯਹੋਸ਼ੁਆ ਨੂੰ **ਇੱਕ ਗਭਰੂ ਸੇਵਾਦਾਰ** ਕਿਹਾ ਗਿਆ ਹੈ (ਵੇਖੋ 17:9-14; 24:13; 32:17)।

33:7-11 ਵਿਚ "ਮੰਡਲੀ ਦੇ ਤੰਬੂ" ਦੇ ਬਿਰਤਾਂਤ ਦਾ ਆਲੇ-ਦੁਆਲੇ ਦੇ ਪ੍ਰਸੰਗ ਨੇ ਨਾਲ ਕੀ ਸੰਬੰਧ ਹੈ? ਘੱਟੋ ਘੱਟ ਦੋ ਸੰਭਾਵਨਾਵਾਂ ਹਨ। ਇੱਕ ਸੰਭਾਵਨਾ ਇਹ ਹੈ ਕਿ ਹਵਾਲਾ ਉਪਵਾਕ

ਸੰਬੰਧਕ ਹੈ।[3] ਲਿਖਤ ਇੱਕ ਅਜਿਹਾ ਖਾਤਾ ਹੋ ਸਕਦਾ ਹੈ ਜੋ ਨਿਰੰਤਰ ਅਧਾਰ ਤੇ ਹੋਇਆ ਹੋਵੇ, ਪਰ ਇਹ ਜ਼ਰੂਰੀ ਨਹੀਂ ਹੈ ਕਿ 33:1-6 ਦੀਆਂ ਘਟਨਾਵਾਂ ਤੋਂ ਬਾਅਦ ਵਾਪਰਿਆ ਹੋਵੇ। ਜੇਕਰ ਅਜਿਹਾ ਹੈ, ਤਾਂ ਕਹਾਣੀ ਇਸ ਵਿਵਰਣ ਦੇ ਲਈ ਰੁੱਕਦੀ ਹੈ ਕਿਵੇਂ ਪਰਮੇਸ਼ੁਰ ਨੇ ਉਜਾੜ ਵਿਚ ਇਸਰਾਏਲ ਦੇ ਲਈ ਆਪਣੀ ਇੱਛਾ ਦਾ ਸੰਚਾਰ ਕੀਤਾ। ਭਾਵੇਂ ਪਰਮੇਸ਼ੁਰ ਨੇ, ਪਿਛਲੀਆਂ ਆਇਤਾਂ ਵਿਚ, ਇਸਰਾਏਲ ਤੋਂ ਆਪਣੀ ਹਜ਼ੂਰੀ ਨੂੰ ਹਟਾ ਲੈਣ ਦੀ ਧਮਕੀ ਦਿੱਤੀ ਸੀ, ਪਰ ਅਜਿਹਾ ਖਤਰਾ ਕਦੀ ਵੀ ਨਹੀਂ ਸੀ। ਪਰਮੇਸ਼ੁਰ ਉਸ ਤੋਂ ਬਾਅਦ ਦੇ ਦਿਨਾਂ ਅਤੇ ਮਹੀਨਿਆਂ ਵਿਚ, ਮੰਡਲੀ ਦੇ ਤੰਬੂ ਵਿਚ ਮੌਜੂਦ ਸੀ। ਮੂਸਾ ਨੇ ਉੱਥੇ ਉਸ ਦੇ ਨਾਲ ਮੁਲਾਕਾਤ ਕੀਤੀ, ਅਤੇ ਲੋਕਾਂ ਨੂੰ ਤੰਬੂ ਦੇ ਉੱਤੇ ਬੱਦਲ ਨੂੰ ਵੇਖ ਕੇ ਪਰਮੇਸ਼ੁਰ ਦੀ ਹੋਂਦ ਨੂੰ ਵੇਖਣ ਦਾ ਮੌਕਾ ਮਿਲਾ। ਇਸ ਪੈਰੇ ਅਤੇ ਫਿਰ, ਅਗਲੇ ਪੈਰੇ ਦਾ ਵਿਸ਼ਾ, ਪਰਮੇਸ਼ੁਰ ਦੀ ਆਪਣੇ ਲੋਕਾਂ ਦੇ ਨਾਲ ਹਜ਼ੂਰੀ ਹੈ।

ਜੇਕਰ ਹਵਾਲੇ ਦੀ ਇਹ ਵਿਆਖਿਆ ਸਹੀ ਹੈ, ਸ਼ਾਇਦ ਇਸ "ਮੰਡਲੀ ਦੇ ਤੰਬੂ" ਨੂੰ ਉਸ ਸਥਾਨ ਦੇ ਰੂਪ ਵਿਚ ਦੇਖਣਾ ਸਭ ਤੋਂ ਵਧੀਆ ਹੈ, ਜਿੱਥੇ ਇਸਰਾਏਲ (ਖਾਸ ਤੌਰ ਤੇ ਮੂਸਾ) ਤੰਬੂ ਦੇ ਬਣਾਏ ਜਾਣ ਦੇ ਸਮੇਂ ਤੱਕ ਮਿਲਦੇ ਸਨ,[4] ਸੋਨੇ ਦੇ ਬੱਛੇ ਦੀ ਘਟਨਾ ਤੋਂ ਕਈ ਮਹੀਨੇ ਬਾਅਦ ਤੱਕ। ਫਿਰ ਤੰਬੂ ਨੇ ਉਸ ਕੰਮ ਨੂੰ ਸੰਭਾਲ ਲਿਆ ਸੀ ਜੋ ਇਹ ਅਸਥਾਈ ਤੰਬੂ ਕਰਦਾ ਸੀ।

ਇਸ ਖਾਤੇ ਦੇ ਸੰਬੰਧ ਵਿਚ ਇੱਕ ਹੋਰ ਸੰਭਾਵਿਤ ਤਰੀਕਾ ਇਹ ਹੈ ਕਿ ਮੂਸਾ ਨੇ "ਡੇਹਰੇ ਤੋਂ ਬਾਹਰ" "ਆਪਣਾ" ਤੰਬੂ ਖੜਾ ਕੀਤਾ ਸੀ ਕਿਉਂਕਿ ਡੇਹਰਾ ਲੋਕਾਂ ਦੇ ਪਾਪਾਂ ਦੇ ਕਾਰਣ ਭਰਿਸ਼ਟ ਹੋ ਗਿਆ ਸੀ। ਸੇਪਟੁਜਿੰਟ, ਤੰਬੂ ਦਾ ਉਲੇਖ ਕਰਨ ਦੀ ਬਜਾਇ, "ਉਸ ਦਾ" ਕਹਿੰਦਾ ਹੈ, ਜੋ ਇਹ ਸੁਝਾਅ ਦਿੰਦਾ ਹੈ ਕਿ ਡੇਹਰੇ ਦੇ ਬਾਹਰ ਜੋ ਮੂਸਾ ਨੇ ਸਥਾਪਤ ਕੀਤਾ ਸੀ ਉਹ ਉਸ ਦਾ ਆਪਣਾ ਤੰਬੂ ਸੀ।

ਪਰਮੇਸ਼ੁਰ ਨੇ ਇਸਰਾਏਲੀਆਂ ਦੇ ਪਾਪ ਦੇ ਕਾਰਣ ਡੇਹਰੇ ਵਿਚੋਂ ਆਪਣੀ ਹਜ਼ੂਰੀ ਨੂੰ ਵਾਪਸ ਲੈ ਲਿਆ ਸੀ। ਇਸ ਮਾਮਲੇ ਵਿਚ, ਲੋਕਾਂ ਦੇ ਪਾਪ ਦੇ ਬਾਵਜੂਦ ਪਰਮੇਸ਼ੁਰ ਦੇ ਨਾਲ ਸੰਬੰਧ ਬਣਾਈ ਰੱਖਣ ਦੇ ਲਈ "ਮੰਡਲੀ ਦੇ ਤੰਬੂ" ਨੂੰ ਸਥਾਪਤ ਕਰਨਾ ਮੂਸਾ ਦੀ ਬੁੱਧੀਮਾਨੀ ਅਤੇ ਇੱਕ ਧਾਰਮਿਕ ਕੋਸ਼ਿਸ਼ ਹੋ ਸਕਦੀ ਹੈ। ਗਿਸਪਨ ਨੇ ਕਿਹਾ,

> ਇਸ ਬਿੰਦੂ ਤੇ, ਮੂਸਾ ਸਿਰਫ ਇੱਕ ਅਜਿਹਾ ਮਨੁੱਖ ਸੀ ਜਿਸ ਦੇ ਨਾਲ ਪਰਮੇਸ਼ੁਰ ਦੀ ਸੰਗਤੀ ਸੀ। ਇਸ ਤੰਬੂ ਦੇ ਰਾਹੀਂ, ਮੂਸਾ ਚਾਹੁੰਦਾ ਸੀ ਕਿ ਉਹ ਆਪਣੇ ਸੰਕਲਪ ਤੇ ਵਾਪਸ ਜਾਣ ਦੇ ਲਈ ਪ੍ਰਭੂ ਨੂੰ ਪਾਉਣ ਦੀ ਕੋਸ਼ਿਸ਼ ਕਰੇ ਅਤੇ ਉਸ ਦੇ ਨਾਲ ਅਤੇ ਉਸ ਦੇ ਦੁਆਰਾ ਆਪਣੇ ਲੋਕਾਂ ਨਾਲ ਮਿਲਦਾ ਰਹੇ। ਇਹ ਇੱਕ ਵਿਚੋਲੇ ਵੱਲੋਂ ਕੀਤੀ ਜਾਣ ਵਾਲੀ ਪਹਿਲ ਹੈ! ਅਤੇ ਇਸ ਤਰ੍ਹਾਂ ਇਹ ਤੰਬੂ, ਪ੍ਰਭੂ ਅਤੇ ਉਸ ਦੇ ਲੋਕਾਂ ਦੇ ਵਿਚਕਾਰ ਵਿਛੋੜੇ ਨੂੰ ਯਾਦ ਕਰਦੇ ਹੋਏ ... ਲੋਕਾਂ ਦੇ ਸ਼ੋਕ ਤੇ ਆਧਾਰਤ ਇੱਕ ਸਪੱਸ਼ਟ ਪ੍ਰਾਰਥਨਾ ਹੈ (ਆਇਤਾਂ 4, 6)। ਇਸ ਤੰਬੂ ਨੂੰ ਡੇਹਰੇ ਦੇ ਬਾਹਰ ਖੜਾ ਕਰਨਾ ਮੂਸਾ ਦੁਆਰਾ ਦਿੱਤੇ ਗਏ ਯਹੋਵਾਹ ਦੇ ਸ਼ਬਦਾਂ ਦੀ ਪ੍ਰਮਾਣਿਕਤਾ ਦੇ ਦੋ ਸਬੂਤ ਹਨ (ਆਇਤਾਂ 1-3, 5): ਪ੍ਰਭੂ ਅਤੇ ਇਸਰਾਏਲ ਦੇ ਵਿਚਲਾ ਮਾਮਲਾ ਹੁਣ ਤੱਕ ਮੂਸਾ ਦੇ ਪੱਖ ਵਿਚ ਤੈਅ ਨਹੀਂ ਹੋਇਆ ਸੀ।[5]

ਜੇਕਰ ਇਹ ਸਪੱਸ਼ਟੀਕਰਣ ਸਹੀ ਹੈ, ਤਾਂ ਡੇਹਰੇ ਦੇ ਪੂਰਣ ਹੋਣ ਅਤੇ ਸਥਾਪਤ ਨਾਲ ਪ੍ਰਦੂਸ਼ਣ ਖਤਮ ਹੋ ਗਿਆ। ਡੇਹਰੇ ਦੇ ਉੱਤੇ ਪਰਮੇਸ਼ੁਰ ਦੀ ਮਹਿਮਾ ਦਾ ਉੱਤਰਨਾ (40:34, 35) ਇਸ ਗੱਲ ਦਾ ਐਲਾਨ ਸੀ ਕਿ ਇੱਕ ਵਾਰ ਫਿਰ ਪਰਮੇਸ਼ੁਰ ਦੀ ਹਜ਼ੂਰੀ ਆਪਣੇ ਲੋਕਾਂ ਦੇ ਨਾਲ ਹੋਵੇਗੀ; ਉਨ੍ਹਾਂ ਨੂੰ ਹੁਣ ਅਗਾਂਹ ਤੋਂ ਉਸ ਨਾਲ ਮੁਲਾਕਾਤ ਕਰਨ ਦੇ ਲਈ "ਡੇਹਰੇ ਤੋਂ ਬਾਹਰ" ਜਾਣ ਦੀ ਲੋੜ ਨਹੀਂ ਹੋਵੇਗੀ।

## ਪਰਮੇਸ਼ੁਰ ਆਪਣੇ ਆਪ ਨੂੰ ਕਿਵੇਂ ਪਰਗਟ ਕਰਦਾ ਹੈ (33:12-23)

**12ਫੇਰ ਮੂਸਾ ਨੇ ਯਹੋਵਾਹ ਨੂੰ ਆਖਿਆ, ਵੇਖ ਤੂੰ ਮੈਨੂੰ ਆਖਦਾ ਹੈਂ ਕਿ ਇਨ੍ਹਾਂ ਲੋਕਾਂ ਨੂੰ ਉਤਾਹਾਂ
ਲੈ ਜਾਹ ਪਰ ਤੈਂ ਮੈਨੂੰ ਨਹੀਂ ਦੱਸਿਆ ਕਿਹ ਨੂੰ ਤੂੰ ਮੇਰੇ ਨਾਲ ਘੱਲੇਂਗਾ ਤਾਂ ਵੀ ਤੈਂ ਆਖਿਆ ਹੈ, ਮੈਂ
ਤੈਨੂੰ ਨਾਉਂ ਤੋਂ ਜਾਣਦਾ ਹਾਂ ਅਤੇ ਮੇਰੀ ਕਿਰਪਾ ਦੀ ਨਿਗਾਹ ਤੇਰੇ ਉੱਤੇ ਹੈ। 13ਸੋ ਜੇ ਤੇਰੀ ਕਿਰਪਾ
ਦੀ ਨਿਗਾਹ ਮੇਰੇ ਉੱਤੇ ਹੈ ਤਾਂ ਮੈਨੂੰ ਆਪਣਾ ਰਾਹ ਦੱਸ ਕਿ ਮੈਂ ਤੈਨੂੰ ਜਾਣਾਂ ਤਾਂ ਜੋ ਤੇਰੀ ਕਿਰਪਾ ਦੀ
ਨਿਗਾਹ ਮੇਰੇ ਉੱਤੇ ਰਹੇ ਅਤੇ ਸਮਝ ਲੈ ਕਿ ਏਹ ਕੌਮ ਤੇਰੀ ਪਰਜਾ ਹੈ। 14ਤਾਂ ਉਸ ਆਖਿਆ, ਮੇਰੀ
ਹਜ਼ੂਰੀ ਸਾਡੇ ਸੰਗ ਨਹੀਂ ਜਾਂਦੀ ਤਾਂ ਸਾਨੂੰ ਏਥੋਂ ਉਤਾਹਾਂ ਨਾ ਲੈ ਜਾਵੀਂ। 15ਫੇਰ ਉਸ ਆਖਿਆ, ਜੇ
ਤੇਰੀ ਹਜ਼ੂਰੀ ਸਾਡੇ ਸੰਗ ਨਹੀਂ ਜਾਂਦੀ ਤਾਂ ਸਾਨੂੰ ਏਥੋਂ ਉਤਾਹਾਂ ਨਾ ਲੈ ਜਾਵੀਂ। 16ਫੇਰ ਏਹ ਕਿਵੇਂ
ਜਾਣਿਆ ਜਾਵੇਗਾ ਭਈ ਤੇਰੀ ਕਿਰਪਾ ਦੀ ਨਿਗਾਹ ਮੇਰੇ ਉੱਤੇ ਅਤੇ ਤੇਰੀ ਪਰਜਾ ਉੱਤੇ ਹੈ? ਕੀ
ਏਹ ਐਉਂ ਨਹੀਂ ਭਈ ਤੂੰ ਸਾਡੇ ਨਾਲ ਜਾਂਦਾ ਹੈਂ ਸੋ ਅਸੀਂ ਅਰਥਾਤ ਮੈਂ ਅਰ ਤੇਰੀ ਏਹ ਪਰਜਾ
ਸਾਰਿਆਂ ਲੋਕਾਂ ਵਿੱਚੋਂ ਜਿਹੜੇ ਜ਼ਮੀਨ ਉੱਤੇ ਹਨ ਅਣੋਖੇ ਰੱਖੇ ਹੋਏ ਹਾਂ? 17ਯਹੋਵਾਹ ਨੇ ਮੂਸਾ ਨੂੰ
ਆਖਿਆ, ਜਿਹੜੀ ਗੱਲ ਤੈਂ ਕੀਤੀ ਹੈ ਮੈਂ ਏਹ ਵੀ ਕਰਾਂਗਾ ਕਿਉਂ ਜੋ ਮੇਰੀ ਕਿਰਪਾ ਦੀ ਨਿਗਾਹ
ਤੇਰੇ ਉੱਤੇ ਹੈ ਅਤੇ ਮੈਂ ਤੈਨੂੰ ਨਾਉਂ ਤੋਂ ਜਾਣਦਾ ਹੈਂ। 18ਤਾਂ ਉਸ ਆਖਿਆ, ਮੈਨੂੰ ਆਪਣਾ ਤੇਜ ਵਿਖਾਈਂ।
19ਉਸ ਆਖਿਆ, ਮੈਂ ਆਪਣੀ ਸਾਰੀ ਭਲਿਆਈ ਤੇਰੇ ਅੱਗੋਂ ਦੀ ਲੰਘਾਵਾਂਗਾ ਅਰ ਤੇਰੇ ਅੱਗੇ ਯਹੋਵਾਹ
ਦੇ ਨਾਉਂ ਦਾ ਪਰਚਾਰ ਕਰਾਂਗਾ ਅਰ ਜਿਸ ਉੱਤੇ ਦਿਆਲ ਹਾਂ ਉਸ ਉੱਤੇ ਦਿਆਲ ਹੋਵਾਂਗਾ ਅਤੇ
ਜਿਸ ਉੱਤੇ ਰਹਮ ਕਰਨਾ ਹੈ ਰਹਮ ਕਰਾਂਗਾ। 20ਤਾਂ ਉਸ ਆਖਿਆ, ਤੂੰ ਮੇਰਾ ਮੂੰਹ ਨਹੀਂ ਵੇਖ
ਸੱਕਦਾ ਕਿਉਂ ਜੋ ਕੋਈ ਆਦਮੀ ਮੈਨੂੰ ਵੇਖ ਕੇ ਜੀ ਨਹੀਂ ਸੱਕਦਾ। 21ਤਾਂ ਯਹੋਵਾਹ ਨੇ ਆਖਿਆ, ਵੇਖ
ਮੇਰੇ ਕੋਲ ਇੱਕ ਥਾਂ ਹੈ ਅਰ ਤੂੰ ਇੱਕ ਚਟਾਨ ਉੱਤੇ ਖਲੋ ਜਾਵੀਂ। 22ਅਰ ਐਉਂ ਹੋਵੇਗਾ ਕਿ ਜਦ ਮੇਰਾ
ਤੇਜ ਲੰਘ ਜਾਵੇ ਤਾਂ ਮੈਂ ਤੈਨੂੰ ਪੱਥਰ ਦੀ ਇੱਕਾ ਖੁੰਧਰ ਵਿੱਚ ਪਾਵਾਂਗਾ ਅਤੇ ਲੰਘਣ ਦੇ ਵੇਲੇ ਮੈਂ ਤੈਨੂੰ
ਆਪਣੇ ਹੱਥ ਨਾਲ ਢੱਕਾਂਗਾ। 23ਮੈਂ ਆਪਣਾ ਹੱਥ ਹਟਾਵਾਂਗਾ ਅਤੇ ਮੇਰਾ ਪਿੱਛਾ ਵੇਖੇਂਗਾ ਪਰ ਮੇਰਾ
ਮੂੰਹ ਨਾ ਦਿੱਸੇਗਾ।**

ਗਹਿਣਿਆਂ ਅਤੇ ਮਿਲਾਪ ਦੇ ਤੰਬੂ ਦੀ ਚਰਚਾ ਤੋਂ ਬਾਅਦ, ਕਹਾਣੀ ਫਿਰ ਤੋਂ ਸ਼ੁਰੂ ਹੁੰਦੀ ਹੈ। ਆਇਤ 12 ਉਸ ਕਹਾਣੀ ਨੂੰ ਜਾਰੀ ਰੱਖਦੀ ਹੈ ਜੋ ਆਇਤ 3 ਵਿਚ ਮੂਸਾ ਅਤੇ ਪ੍ਰਭੂ ਦੇ ਵਿਚਕਾਰ ਇੱਕ ਵਿਆਪਕ ਗੱਲਬਾਤ ਦੇ ਨਾਲ ਛੱਡ ਦਿੱਤੀ ਗਈ ਸੀ। ਮੂਸਾ ਨੇ ਤਿੰਨ ਵਾਰ ਗੱਲ ਕੀਤੀ (33:12, 13, 15, 16, 18), ਅਤੇ ਪ੍ਰਭੂ ਨੇ ਉਸ ਨੂੰ ਤਿੰਨ ਵਾਰ ਉੱਤਰ ਦਿੱਤਾ (33:14, 17, 19-23)। ਜੇਕਰ ਅਧਿਆਇ ਦੀ ਸ਼ੁਰੂਆਤ ਤੋਂ ਪ੍ਰਭੂ ਦੇ ਸ਼ਬਦਾਂ ਨੂੰ ਗਿਣਿਆ ਜਾਂਦਾ (33:1-3), ਤਾਂ ਪ੍ਰਭੂ ਨੇ, ਗੱਲਬਾਤ ਦੇ ਸ਼ੁਰੂ ਵਿਚ ਅਤੇ ਅੰਤ ਵਿਚ ਚਾਰ ਵਾਰ ਗੱਲ ਕੀਤੀ।

**ਆਇਤਾਂ 12, 13.** ਯਹੋਵਾਹ ਨੇ ਮੂਸਾ ਨੂੰ ਕਿਹਾ, "ਏਥੋਂ ਤੁਰ ਕੇ ... ਉਸ ਦੇਸ ਨੂੰ ਉਤਾਹਾਂ ਜਾਣ ਜਿਹ ਦੇ ਲਈ ਮੈਂ ਅਬਰਾਹਾਮ, ਇਸਹਾਕ ਅਰ ਯਾਕੂਬ ਨਾਲ ਸੌਂਹ ਖਾਧੀ" (33:1)। ਇਸ ਬਿੰਦੂ ਤੇ, ਮੂਸਾ ਨੇ ਕਈ ਬੇਨਤੀਆਂ ਕਰ ਕੇ ਉੱਤਰ ਦਿੱਤਾ।

ਪਹਿਲਾ, **ਮੂਸਾ** ਨੇ ਬੇਨਤੀ ਕੀਤੀ ਕਿ ਜਦੋਂ ਉਹ ਲੋਕਾਂ ਨੂੰ ਕਨਾਨ ਵਿਚ ਲੈ ਜਾਵੇ ਤਾਂ ਕੋਈ ਉਸ ਦੇ ਨਾਲ ਜਾਵੇ। ਉਸ ਦੀ ਬੇਨਤੀ ਇੱਕ ਸ਼ਿਕਾਇਤ ਵਾਂਗ ਜਾਪਦੀ ਹੈ। ਉਸ ਨੇ ਪਰਮੇਸ਼ੁਰ ਨੂੰ ਕਿਹਾ, **ਵੇਖ ਤੂੰ ਮੈਨੂੰ ਆਖਦਾ ਹੈਂ ਕਿ ਇਨ੍ਹਾਂ ਲੋਕਾਂ ਨੂੰ ਉਤਾਹਾਂ ਲੈ ਜਾਹ ਪਰ ਤੈਂ ਮੈਨੂੰ ਨਹੀਂ ਦੱਸਿਆ ਕਿਹ ਨੂੰ ਤੂੰ ਮੇਰੇ ਨਾਲ ਘੱਲੇਂਗਾ।** ਸ਼ਾਇਦ, ਇੱਥੇ ਇੱਕ ਪ੍ਰਾਰਥਨਾ ਹੈ ਕਿ ਪਰਮੇਸ਼ੁਰ ਆਪਣੇ ਲੋਕਾਂ ਤੋਂ ਆਪਣੀ ਹਜ਼ੂਰੀ ਨੂੰ ਦੂਰ ਨਹੀਂ ਕਰੇਗਾ।

ਦੂਸਰਾ, ਮੂਸਾ ਨੇ ਪਰਮੇਸ਼ੁਰ ਦੇ ਵਿਸ਼ੇ ਵਿਚ ਹੋਰ ਗੂੜ ਗਿਆਨ ਦੀ ਮੰਗ ਕੀਤੀ। ਉਸ ਨੇ

ਪਰਮੇਸ਼ੁਰ ਦੇ ਸ਼ਬਦਾਂ ਨੂੰ ਦੁਹਰਾਇਆ **ਮੈਂ ਤੈਨੂੰ ਨਾਉਂ ਤੋਂ ਜਾਣਦਾ ਹੈ**" ਅਤੇ ਫਿਰ ਬੇਨਤੀ ਕੀਤੀ, **"ਮੈਨੂੰ ਆਪਣਾ ਰਾਹ ਦੱਸ ਕਿ ਮੈਂ ਤੈਨੂੰ ਜਾਣਾਂ।** ਉਸ ਨੇ ਪਰਮੇਸ਼ੁਰ ਦੇ ਸ਼ਬਦਾਂ ਨੂੰ ਦੁਹਰਾਇਆ "**ਮੈਂ** ਮੂਸਾ ਨੇ ਕਿਹਾ, ਅਸਲ ਵਿਚ, "ਜੇ ਤੂੰ ਮੇਰੇ ਬਾਰੇ ਇਸ ਤਰ੍ਹਾਂ ਮਹਿਸੂਸ ਕਰਦਾ ਹੈ, ਤਾਂ ਤੈਨੂੰ ਹੋਰ ਪੂਰੀ ਰੀਤਿ ਨਾਲ ਆਪਣੇ ਆਪ ਨੂੰ ਮੇਰੇ ਤੇ ਪਰਗਟ ਕਰਨਾ ਚਾਹੀਦਾ ਹੈ।" ਸਿੱਟੇ ਵਜੋਂ, ਉਸ ਨੂੰ ਆਸ ਸੀ ਕਿ ਉਹ ਪਰਮੇਸ਼ੁਰ ਨੂੰ ਹੋਰ ਵੀ ਪ੍ਰਸੰਨ ਕਰ ਸਕੇਗਾ।

ਤੀਸਰੀ ਬੇਨਤੀ ਮੂਸਾ ਦੇ ਸ਼ਬਦਾਂ ਵਿਚ ਹੋ ਸਕਦੀ ਹੈ: **ਸਮਝ ਲੈ ਕਿ ਏਹ ਕੌਮ ਤੇਰੀ ਪਰਜਾ ਹੈ।** ਸ਼ਾਇਦ ਮੂਸਾ ਪਰਮੇਸ਼ੁਰ ਦੇ ਸਾਹਮਣੇ ਇਹ ਬੇਨਤੀ ਕਰ ਰਿਹਾ ਸੀ ਕਿ ਉਹ ਵਾਇਦਾ ਕੀਤੇ ਦੇਸ ਦੀ ਯਾਤਰਾ ਕਰਨ ਸਮੇਂ ਇਸਰਾਏਲੀਆਂ ਦੇ ਵਿਚਕਾਰ ਨਾ ਹੋਣ ਦੀ ਧਮਕੀ ਦੁਬਾਰਾ ਨਾ ਦੇਵੇ। ਮੂਸਾ ਨੇ ਅਸਿੱਧੇ ਤੌਰ ਤੇ ਦੋ ਕਾਰਣ ਦੱਸੇ: (1) ਪਰਮੇਸ਼ੁਰ ਤੋਂ ਬਿਨਾਂ, ਇਸਰਾਏਲ ਤਬਾਅ ਹੋ ਜਾਵੇਗਾ, ਅਤੇ (2) ਕਿਉਂਕਿ ਇਸਰਾਏਲੀ ਪਰਮੇਸ਼ੁਰ ਦੇ ਲੋਕ ਸਨ, ਉਹ ਉਨ੍ਹਾਂ ਨੂੰ ਗੁਆਚਿਆ ਹੋਇਆ ਨਹੀਂ ਵੇਖ ਸਕਦਾ ਹੈ।

**ਆਇਤ 14.** ਪਰਮੇਸ਼ੁਰ ਦਾ ਉੱਤਰ ਸੰਖੇਪ ਅਤੇ ਸਿੱਧਾ ਸੀ: **ਮੇਰੀ ਹਜ਼ੂਰੀ ਤੇਰੇ ਸੰਗ ਜਾਵੇਗੀ ਅਤੇ ਮੈਂ ਤੈਨੂੰ ਵਿਸਰਾਮ ਦਿਆਂਗਾ।** ਹੋਰਨਾਂ ਸ਼ਬਦਾਂ ਵਿਚ, ਪਰਮੇਸ਼ੁਰ ਆਪਣੀ ਹਜ਼ੂਰੀ ਦੇ ਉਠਾ ਲਏ ਜਾਣ ਦੇ ਖਤਰੇ ਨੂੰ ਰੱਦ ਕਰ ਰਿਹਾ ਸੀ (33:3)। ਪ੍ਰਭੂ ਇਸਰਾਏਲ ਦੇ ਨਾਲ ਉਵੇਂ ਹੀ ਰਹੇਗਾ ਜਿਵੇਂ ਉਹ ਮਿਸਰ ਦੇ ਵਿਚੋਂ ਉਨ੍ਹਾਂ ਦੇ ਛੁਟਕਾਰੇ ਦੇ ਸਮੇਂ ਤੋਂ ਹੈ। ਇਸ ਤੋਂ ਇਲਾਵਾ, ਉਹ ਉਨ੍ਹਾਂ ਨੂੰ ਉਸ ਦੇਸ ਵਿਚ ਲੈ ਜਾਵੇਗਾ ਜਿੱਥੇ ਉਹ ਜਾ ਰਹੇ ਸਨ ਅਤੇ ਉੱਥੇ ਉਨ੍ਹਾਂ ਨੂੰ "ਵਿਸਰਾਮ" ਦੇਵੇਗਾ। ਇਹ ਸ਼ਬਦ ਉਸ ਦੇਸ ਵਿਚ ਇੱਕ ਵਿਰਾਸਤ ਦਾ, ਉਸ ਦੇ ਨਾਲ ਨਾਲ ਉਨ੍ਹਾਂ ਦੇ ਦੁਸ਼ਮਣਾਂ ਤੋਂ ਸੁਰੱਖਿਆ ਦਾ ਉਲੇਖ ਵੀ ਕਰਦਾ ਹੈ (ਬਿਵਸਥਾ ਸਾਰ 12:10; 25:19; ਯਹੋਸ਼ੁਆ 11:23; 21:44)।

**ਆਇਤ 15.** ਮੂਸਾ ਨੇ ਪਰਮੇਸ਼ੁਰ ਦੇ ਬਿਆਨ ਦੀ ਪੁਸ਼ਟੀ ਕੀਤੀ। ਪ੍ਰਭੂ ਦੀ **ਹਜ਼ੂਰੀ** ਤੋਂ ਬਿਨਾਂ, ਇਸਰਾਏਲ ਸ਼ਾਇਦ ਉੱਥੇ ਹੀ ਰਹੇ ਜਿੱਥੇ ਉਹ ਸੀ - ਜਾਂ ਇੱਥੋਂ ਤੱਕ ਕਿ ਮਿਸਰ ਵਿਚ ਵੀ ਰਹੇ। ਪਰਮੇਸ਼ੁਰ ਦੇ ਮਾਰਗ ਦਰਸ਼ਣ, ਬੁੱਧ, ਅਤੇ ਸੁਰੱਖਿਆ ਤੋਂ ਬਿਨਾਂ, ਇਸਰਾਏਲ ਸਫਲ ਨਹੀਂ ਹੋ ਸਕਦਾ ਹੈ (ਵੇਖੋ ਜ਼ਬੂਰਾਂ 124)।

**ਆਇਤ 16.** ਪਰ, ਮੂਸਾ ਨੂੰ ਇੱਕ ਹੋਰ ਲੋੜ ਸੀ: ਪਰਮੇਸ਼ੁਰ ਦੀ ਹਜ਼ੂਰੀ ਦਾ ਸਬੂਤ। ਉਸ ਨੇ ਤਰਕ ਦਿੱਤਾ ਕਿ ਦੂਸਰੇ ਲੋਕ ਸਿਰਫ ਇਸ ਗੱਲ ਤੋਂ ਜਾਣ ਸਕਣਗੇ ਕਿ ਉਹ ਦੇ ਅਤੇ ਲੋਕਾਂ ਦੇ ਉੱਤੇ ਹੁਣ ਵੀ ਪਰਮੇਸ਼ੁਰ ਦੀ **ਕਿਰਪਾ ਦੀ ਨਿਗਾਹ** ਹੈ ਜੇਕਰ ਉਹ ਉਨ੍ਹਾਂ ਦੇ **ਨਾਲ ਜਾਂਦਾ ਹੈ।** ਉਸ ਦੀ ਹਜ਼ੂਰੀ, ਸੱਚਮੁੱਚ, ਇਸਰਾਏਲ ਨੂੰ **ਸਾਰਿਆਂ ਲੋਕਾਂ ਵਿੱਚੋਂ ਜਿਹੜੇ ਜ਼ਮੀਨ ਉੱਤੇ ਹਨ ਅਣੋਖੇ** ਰੱਖੇਗੀ। ਇਹ ਵਚਿੱਤਰ ਬਿਆਨ ਕਾਨੂੰਨ ਦੇ ਤਹਿਤ ਦੀ ਇਸਰਾਏਲ ਦੀ ਅਦਭੁੱਤ ਸਥਿਤੀ ਦੀ ਪੁਸ਼ਟੀ ਕਰਦਾ ਹੈ। ਮੂਸਾ ਸਿਰਫ ਇਹੋ ਨਹੀਂ ਚਾਹੁੰਦਾ ਸੀ ਕਿ ਪਰਮੇਸ਼ੁਰ ਉਸ ਨੂੰ ਅਤੇ ਇਸਰਾਏਲ ਨੂੰ ਆਪਣੀ ਖਾਸ ਨਿਗਾਹ ਵਿਚ ਰੱਖੇ, ਪਰ ਉਹ ਇਸ ਦੇ ਅਟੁੱਟ ਸਬੂਤ ਵੀ ਚਾਹੁੰਦਾ ਸੀ।

**ਆਇਤ 17.** ਪਰਮੇਸ਼ੁਰ ਨੇ ਮੂਸਾ ਅਤੇ ਇਸਰਾਏਲ ਦੀ ਵਿਸ਼ੇਸ਼ ਸਥਿਤੀ ਦਾ ਪ੍ਰਮਾਣ ਦੇਣ ਦੀ ਇੱਛਾ ਦਾ ਸੰਕੇਤ ਦਿੱਤਾ ਕਿਉਂਕਿ ਮੂਸਾ ਨੇ [ਉਸ ਦੀ] **ਕਿਰਪਾ ਦੀ ਨਿਗਾਹ** ਨੂੰ ਹਾਸਲ ਕੀਤਾ ਸੀ **ਅਤੇ** [ਮੂਸਾ] ਨੂੰ [ਉਹ] **ਨਾਉਂ ਤੋਂ ਜਾਣਦਾ** ਸੀ। NASB ਦੇ ਅਨੁਸਾਰ, ਇਹ ਆਇਤ ਇੱਕ ਨਵੇਂ ਪੈਰੇ ਨੂੰ ਸ਼ੁਰੂ ਕਰਦੀ ਹੈ। ਪਰ, ਆਇਤ 17 ਦੇ ਵਿਚਾਰ ਨੂੰ ਆਇਤ 16 ਵਿਚ ਇੰਨੀ ਨੇੜਤਾ ਨਾਲ ਕਿਹਾ ਗਿਆ ਸੀ ਕਿ ਹੋਰਨਾਂ ਸੰਸਕਰਣਾਂ (REB; NAB; NJB) ਵਿਚ ਇਸ ਪੈਰੇ ਦਾ ਅੰਤ ਆਇਤ 17 ਨਾਲ ਹੁੰਦਾ ਹੈ। NIV ਸ਼ਾਇਦ ਹਰ ਨਵੇਂ ਬੁਲਾਰੇ ਦੇ ਨਾਲ ਇੱਕ ਨਵਾਂ ਪੈਰਾ ਸ਼ੁਰੂ ਕਰਕੇ ਲਿਖਤ ਦਾ ਸਭ ਤੋਂ ਵਧੀਆ ਸੰਵਾਦੀ ਰੂਪ ਪੇਸ਼ ਕਰਦਾ ਹੈ।

**ਆਇਤ 18.** ਇਸ ਭਾਗ ਵਿਚ ਗੱਲਬਾਤ ਇੱਕ ਬੁਲਾਰੇ ਤੋਂ ਦੂਜੇ ਬੁਲਾਰੇ ਤੱਕ ਤੇਜ਼ੀ ਨਾਲ ਚੱਲਦੀ ਹੈ, ਹਰ ਭਾਸ਼ਣ ਦੀ ਉਸਾਰੀ ਉਸੇ ਤੇ ਕੀਤੀ ਜਾਂਦੀ ਹੈ ਜੋ ਪਹਿਲਾਂ ਕਿਹਾ ਗਿਆ ਸੀ। ਇਸ ਆਇਤ ਵਿਚ ਦ੍ਰਿਸ਼ ਸਿਖਰ ਤੇ ਪਹੁੰਚਦਾ ਹੈ, ਜਿੱਥੇ **ਮੂਸਾ** ਨੇ ਸਪੱਸ਼ਟ ਕੀਤਾ ਕਿ ਸਬੂਤ ਦੇ ਤੌਰ ਤੇ ਉਹ ਕੀ ਚਾਹੁੰਦਾ ਹੈ: **"ਮੈਨੂੰ ਆਪਣਾ ਤੇਜ ਵਿਖਾਈਂ!"** ਜੇਕਰ ਮੂਸਾ ਪਰਮੇਸ਼ੁਰ ਦੀ ਮਹਿਮਾ ਨੂੰ ਵੇਖ ਸਕੇ, ਤਾਂ ਉਸ ਨੂੰ ਪਰਮੇਸ਼ੁਰ ਦਾ ਹੋਰ ਵੀ ਗਹਿਰਾ ਗਿਆਨ ਪ੍ਰਾਪਤ ਹੋ ਜਾਵੇਗਾ। ਉਸ ਨੂੰ ਇਹ ਵੀ ਯਕੀਨ ਹੋ ਜਾਵੇਗਾ ਕਿ ਪਰਮੇਸ਼ੁਰ ਉਸ ਦੇ ਨਾਲ ਜਾਵੇਗਾ, ਅਤੇ ਇਸਰਾਏਲ ਬਚ ਜਾਵੇਗਾ, ਅਤੇ ਸਾਰੇ ਪਰਮੇਸ਼ੁਰ ਦੀ ਨਿਗਾਹ ਵਿਚ ਉਸ ਦੇ (ਇਸਰਾਏਲ ਦੇ) ਵਿਸ਼ੇਸ਼ ਸਥਾਨ ਨੂੰ ਜਾਣ ਲੈਣਗੇ। ਉਸ ਦੀ ਬੇਨਤੀ ਮਾਣ ਤੇ ਅਧਾਰਤ ਸੀ।

**ਆਇਤ 19.** ਪਰਮੇਸ਼ੁਰ ਦਯਾ ਨਾਲ ਭਰ ਕੇ ਉਹ ਸਭ ਕਰਨ ਦੇ ਲਈ ਤਿਆਰ ਹੋ ਗਿਆ ਜਿਸ ਦੀ ਮੂਸਾ ਨੇ ਮੰਗ ਕੀਤੀ ਸੀ। ਪ੍ਰਭੂ ਨੇ ਕਿਹਾ ਕਿ ਉਹ [ਆਪਣੀ] **ਸਾਰੀ ਭਲਿਆਈ** ਮੂਸਾ **ਦੇ ਅੱਗੋਂ ਦੀ ਲੰਘਾਵਾਂਗਾ** (ਵੇਗਾ)। ਉਸ ਨੇ ਅੱਗੇ ਕਿਹਾ ਕਿ ਉਹ ਉਸ ਦੇ **ਅੱਗੇ ਯਹੋਵਾਹ ਦੇ ਨਾਉਂ ਦਾ ਪਰਚਾਰ** ਕਰੇਗਾ। "ਯਹੋਵਾਹ ਦੇ ਨਾਉਂ ਦਾ ਪਰਚਾਰ ਕਰਨ" ਦਾ ਅਰਥ ਸਿਰਫ ਉਸ ਦੇ ਨਾਮ ਦਾ ਉਚਾਰਣ ਕਰਨਾ ਹੀ ਨਹੀਂ ਹੇ, ਸਗੋਂ ਉਸ ਦੇ ਵਿਅਕਤੀ ਦਾ ਵਰਣਨ ਕਰਨਾ; ਉਸ ਦੇ ਨਾਮ ਦਾ ਪ੍ਰਕਾਸ਼ਣ ਉਸ ਦੇ ਸੁਭਾਅ ਦਾ ਪ੍ਰਕਾਸ਼ਣ ਹੈ। ਪੁਰਾਣੇ ਨੇਮ ਵਿਚ, ਇੱਕ ਵਿਅਕਤੀ ਦਾ ਨਾਂ ਉਸ ਦੇ ਵਿਅਕਤੀ ਦੇ ਸਮਾਂਤਰ ਹੁੰਦਾ ਸੀ। ਇਸ ਲਈ, "ਯਹੋਵਾਹ ਦਾ ਨਾਉਂ" "ਯਹੋਵਾਹ" ਦੇ ਸਮਾਂਤਰ ਸੀ।

ਇਸ ਤੋਂ ਬਾਅਦ, ਮੂਸਾ ਨੂੰ ਪੂਰੀ ਝਲਕ ਦਿੱਤੀ ਗਈ ਕਿ ਉਸ ਦੇ ਨਾਮ ਦੀ ਘੋਸ਼ਣਾ ਕਰਨ ਦਾ ਕੀ ਅਰਥ ਸੀ: ਇਸ ਵਿਚ ਇਹ ਬਿਆਨ ਸ਼ਾਮਲ ਸੀ ਕਿ ਯਹੋਵਾਹ ਉਨ੍ਹਾਂ ਸਭਨਾਂ ਤੇ **ਦਿਆਲ ਹੋਵਾਂਗਾ** [ਹੋਵੇਗਾ] ਅਤੇ **ਰਹਮ ਕਰਾਂਗਾ** [ਰੇਗਾ] ਜਿਨ੍ਹਾਂ ਤੇ ਉਹ ਰਹਮ ਕਰਨਾ ਚਾਹੇ (ਵੇਖੋ ਰੋਮੀਆਂ 9:15)। ਜਦੋਂ 34:6 7 ਵਿਚ ਉਸ ਨੇ ਆਪਣੇ ਆਪ ਨੂੰ ਪਰਗਟ ਕੀਤਾ, ਉਸ ਨੇ ਆਪਣੇ ਆਪ ਨੂੰ "ਦਿਆਲ" ਅਤੇ "ਰਹਮ ਕਰਨ ਵਾਲਾ" ਘੋਸ਼ਿਤ ਕਰਕੇ ਉਸ ਦੇ ਸੁਭਾਅ ਨੂੰ ਹੋਰ ਵੀ ਵਧੇਰੇ ਘੋਸ਼ਿਤ ਕੀਤਾ।

**ਆਇਤ 20.** ਉਸ ਦੇ ਲਈ ਪਰਮੇਸ਼ੁਰ ਦੇ ਮਨ ਵਿਚ ਜੋ ਸੀ ਉਹ ਸ਼ਾਨਦਾਰ ਪ੍ਰਕਾਸ਼ਣ ਨੂੰ ਪ੍ਰਾਪਤ ਕਰਦੇ ਹੋਏ ਵੀ ਮੂਸਾ ਦੇ ਰਾਹ ਵਿਚ ਇੱਕ ਰੁਕਾਵਟ ਬਣੀ ਹੋਈ ਸੀ। ਪਰਮੇਸ਼ੁਰ ਨੇ ਕਿਹਾ, **ਤੂੰ ਮੇਰਾ ਮੂੰਹ ਨਹੀਂ ਵੇਖ ਸੱਕਦਾ ਕਿਉਂ ਜੋ ਆਦਮੀ ਮੈਨੂੰ ਵੇਖ ਕੇ ਜੀ ਨਹੀਂ ਸੱਕਦਾ.** ਇਸ ਬਿਆਨ ਅਤੇ ਆਇਤ 11 ਵਿਚ ਕੋਈ ਵਿਰੋਧਾਭਾਸ ਨਹੀਂ ਹੈ, ਜਿੱਥੇ ਮੂਲਪਾਠ ਕਹਿੰਦਾ ਹੈ ਕਿ ਪਰਮੇਸ਼ੁਰ ਮੂਸਾ ਨਾਲ "ਆਹਮੋ ਸਾਹਮਣੇ" ਗੱਲਾਂ ਕਰਦਾ ਸੀ, ਜਿਵੇਂ ਕੋਈ ਮਨੁੱਖ ਆਪਣੇ ਸਜਣ ਨਾਲ ਬੋਲਦਾ ਹੈ।" ਆਇਤ 11 ਦਾ ਅਰਥ ਹੈ ਕਿ ਪਰਮੇਸ਼ੁਰ ਹੋਰ ਕਿਸੇ ਵੀ ਮਨੁੱਖ ਤੋਂ ਵੱਧ ਕੇ ਖੁੱਲ੍ਹੇ ਤੌਰ ਤੇ ਮੂਸਾ ਨਾਲ ਗੱਲਾਂ ਕਰਦਾ ਸੀ; ਇਹ ਇਹ ਨਹੀਂ ਕਹਿੰਦੀ ਸੱਚਮੁੱਚ ਪਰਮੇਸ਼ੁਰ ਨੂੰ ਉਸੇ ਰੂਪ ਵਿਚ "ਵੇਖਦਾ ਸੀ" ਜੋ ਉਹ ਹੈ। ਦਿਲਚਸਪ ਗੱਲ ਹੈ ਕਿ, ਉਹ ਲੋਕ ਜੋ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੇ ਪਰਮੇਸ਼ੁਰ ਨਾਲ ਸੰਬੰਧਤ ਕਿਸੇ ਚੀਜ਼ ਨੂੰ: ਮੂਸਾ ਨੇ ਉਸ ਦਾ ਪਿੱਛਾ ਵੇਖਿਆ ਉਸ ਦਾ ਮੂੰਹ ਨਹੀਂ (33:23); ਇਸਰਾਏਲ ਦੇ ਬਜ਼ੁਰਗਾਂ ਨੇ ਉਸ ਦੇ ਪੈਰਾਂ ਦੇ ਹੇਠਲਾ ਫੁਟਪਾਥ ਵੇਖਿਆ (24:10); ਯਸਾਯਾਹ ਨੇ ਵੇਖਿਆ "ਬਸਤ੍ਰ ਦੇ ਪੱਲੇ ਨਾਲ ਹੈਕਲ ਭਰੀ ਹੋਈ" ਵੇਖੀ (ਯਸਾਯਾਹ 6:1)।

**ਆਇਤਾਂ 21-23.** ਜੇਕਰ ਪਰਮੇਸ਼ੁਰ ਇੰਨਾ ਪਵਿੱਤਰ ਹੈ ਕਿ ਕੋਈ ਵੀ ਮਨੁੱਖ ਉਸ ਨੂੰ ਵੇਖ ਕੇ ਜੀ ਨਹੀਂ ਸਕਦਾ, ਤਾਂ ਉਹ ਉਹ ਸਭ ਕੰਮ ਕਿਵੇਂ ਕਰ ਸਕਦਾ ਹੈ ਜੋ ਮੂਸਾ ਨੇ ਕਹੇ ਸਨ? **ਯਹੋਵਾਹ** ਨੇ ਇੱਕ ਹੱਲ ਦੇ ਦਿੱਤਾ ਹੈ: ਉਸ ਨੇ ਮੂਸਾ ਨੂੰ **ਪੱਥਰ ਦੀ ਇੱਕ ਖੁੰਦਰ ਵਿਚ** ਰੱਖਣਾ ਸੀ ਅਤੇ **ਲੰਘਣ ਦੇ ਵੇਲੇ ਆਪਣੇ ਹੱਥ ਨਾਲ** ਢੱਕਣਾ (ਸੀ)। ਫਿਰ ਲੰਘ ਜਾਣ ਤੋਂ ਪਿੱਛੋਂ ਪਰਮੇਸ਼ੁਰ ਨੇ [ਆਪਣਾ] **ਹੱਥ ਹਟਾਉਣਾ ਸੀ**, ਤਾਂ ਕਿ ਮੂਸਾ ਉਸ ਦੇ ਪਿੱ[ਛੇ] ਨੂੰ ਵੇਖ ਸਕੇ ਨਾ ਕਿ **ਮੂੰਹ** ਨੂੰ। ਕੋਲ ਨੇ ਲਿਖਿਆ,

"ਇੱਕ ਸਪੱਸ਼ਟ ਭਾਸ਼ਾ ਵਿਚ, ਹਵਾਲਾ ਕਹਿੰਦਾ ਹੈ ਕਿ ਮਨੁੱਖ ਸਿਰਫ ਉਹ ਵੇਖ ਸਕਦਾ ਹੈ ਜਿੱਥੋਂ ਪਰਮੇਸ਼ੁਰ ਲੰਘ ਚੁੱਕਾ ਹੁੰਦਾ ਹੈ (ਆਇਤਾਂ 22, 23) ਅਤੇ ਇਸ ਤਰ੍ਹਾਂ ਉਸ ਨੂੰ ਉਸ ਦੇ ਪਿਛਲੇ ਕੰਮਾਂ ਤੇ ਕਰਨੀਆਂ ਦੇ ਦੁਆਰਾ ਜਾਣੇ।"[6]

ਜਾਹਿਰ ਤੌਰ ਤੇ, ਪਰਮੇਸ਼ੁਰ ਮਾਨਵਸ਼ਾਸਤਰੀ ਸ਼ਬਦਾਂ ਵਿਚ ਬੋਲ ਰਿਹਾ ਸੀ। ਕੋਈ ਵੀ ਮਨੁੱਖ ਆਪਣੇ ਹੱਥ ਨਾਲ ਮੂਸਾ ਨੂੰ ਢੱਕਦੇ ਹੋਏ ਉਸੇ ਸਮੇਂ ਉਸ ਦੇ ਕੋਲੋਂ ਨਹੀਂ ਲੰਘ ਸਕਦਾ ਸੀ। ਫਿਰ ਵੀ, ਮੂਸਾ ਨੂੰ ਇੱਕ ਕਰੀਬੀ, ਅਤੇ ਨਿਜੀ ਤਰੀਕੇ ਦੇ ਨਾਲ ਪਰਮੇਸ਼ੁਰ ਨੂੰ ਦੇਖਣ ਦਾ ਸੁਨਹਿਰਾ ਮੌਕਾ ਮਿਲਿਆ, ਜੋ ਸ਼ਾਇਦ ਆਦਮ ਹੱਵਾਹ ਤੋਂ ਲੈ ਕੇ ਕਿਸੇ ਮਨੁੱਖ ਨੇ ਕਦੀ ਵੀ ਇਸ ਤਰ੍ਹਾਂ ਵੇਖਿਆ ਨਹੀਂ ਸੀ। ਪਰਮੇਸ਼ੁਰ ਦੇ ਸਾਹਮਣੇ ਆਉਣ ਦੇ ਨਾਲ ਮੂਸਾ ਦਾ ਪ੍ਰਭੂ ਦੇ ਨਾਲ ਗੂੜ੍ਹ ਸੰਬੰਧ ਅਤੇ ਨੇਮ ਦੇ ਨਵੇਂ ਦੇ ਨਵੇਂ ਸਿਰੇ ਨਾਲ ਬਦਲਣ ਨਾਲ ਮੂਸਾ ਦੀ ਸਰੀਰਕ ਬਣਾਵਟ ਬਦਲ ਗਈ: "ਉਸ ਦੇ ਮੂੰਹ ਦੀ ਖੱਲ ਉਸ ਦੇ ਨਾਲ ਬੋਲਣ ਦੇ ਕਾਰਨ ਚਮਕਦੀ ਸੀ" (34:29)।

# ਪ੍ਰਾਸੰਗਿਕਤਾ

## ਪਰਮੇਸ਼ੁਰ ਦੀ ਗੈਰ-ਮੌਜੂਦਗੀ ਅਤੇ ਇਸਰਾਏਲ ਦੀ ਚਿੰਤਾ (ਅਧਿਆਇ 33)

ਕੂਚ ਦੀ ਪੁਸਤਕ 33 ਅਧਿਆਏ ਇਕ ਰਹੱਸਪੂਰਣ ਕਹਾਣੀ ਦੱਸਦਾ ਹੈ। ਇਸਰਾਏਲ ਨੇ ਮੂਰਤੀ ਬਣਾਉਣ ਦੁਆਰਾ ਅਤੇ ਇਸ ਦੀ ਪੂਜਾ ਕਰਨ ਦੁਆਰਾ ਪਾਪ ਕੀਤਾ ਸੀ। ਪਰਮੇਸ਼ੁਰ ਨੇ ਲੋਕਾਂ ਨੂੰ ਨਾਸ ਕਰਨ ਬਾਰੇ ਆਪਣੇ ਮਨ ਨੂੰ ਬਦਲ ਲਿਆ, ਪਰ ਉਸ ਨੇ ਉਨ੍ਹਾਂ ਨੂੰ ਸਜ਼ਾ ਜ਼ਰੂਰ ਦਿੱਤੀ (ਅਧਿਆਇ 32)। ਇਸਰਾਏਲ ਦਾ ਭਵਿੱਖ ਅਨਿਸ਼ਚਤ ਰਿਹਾ। ਉਨ੍ਹਾਂ ਦਾ ਭਵਿੱਖ ਤਿੰਨ ਸਵਾਲਾਂ ਦੇ ਉੱਤਰਾਂ ਤੇ ਨਿਰਭਰ ਕਰਦਾ ਸੀ।

*ਕੀ ਇਸਰਾਏਲ ਨੂੰ ਹਾਲੇ ਵੀ ਵਾਅਦੇ ਦੇ ਦੇਸ ਵਿਚ ਦਾਖਲ ਹੋਣ ਦਿੱਤਾ ਜਾਵੇਗਾ?* ਉਸ ਸਮੇਂ ਤੋਂ ਲੈ ਕੇ ਜਿਸ ਸਮੇਂ ਪਰਮੇਸ਼ੁਰ ਨੇ ਸਭ ਤੋਂ ਪਹਿਲਾਂ ਇਸਰਾਏਲ ਨੂੰ ਛੁਡਾਉਣ ਦੀਆਂ ਯੋਜਨਾਵਾਂ ਬਣਾਈਆਂ ਸਨ, ਪਰਮੇਸ਼ੁਰ ਉਨ੍ਹਾਂ ਨੂੰ ਉਸ ਦੇਸ ਵਿਚ ਲੈ ਕੇ ਆਉਣਾ ਚਾਹੁੰਦਾ ਸੀ ਜਿਸ ਦਾ ਵਾਅਦਾ ਉਸ ਨੇ ਉਨ੍ਹਾਂ ਦੇ ਪਿਉ ਦਾਦਿਆਂ ਨੂੰ ਦਿੱਤਾ ਸੀ। ਉਹ ਨਾ ਸਿਰਫ ਉਨ੍ਹਾਂ ਨੂੰ ਮਿਸਰ *ਤੋਂ* ਛੁਟਕਾਰਾ ਦੇ ਰਿਹਾ ਸੀ, ਪਰ ਉਹ ਉਨ੍ਹਾਂ ਨੂੰ ਵਾਅਦੇ ਦੇ ਦੇਸ *ਤੱਕ* ਵੀ ਪਹੁੰਚਾ ਰਿਹਾ ਸੀ। ਇਸਰਾਏਲੀਆਂ ਨੇ, ਆਪਣੇ ਪਾਪ ਦੇ ਦੁਆਰਾ, ਨੇਮ ਨੂੰ ਤੋੜ ਦਿੱਤਾ ਸੀ ਅਤੇ ਕਨਾਨ ਵਿਚ ਜਾਣ ਦੇ ਆਪਣੇ ਹੱਕ ਨੂੰ ਗੁਆ ਦਿੱਤਾ ਸੀ। ਕੀ ਪਰਮੇਸ਼ੁਰ ਕੌਮ ਨੂੰ ਮਾਫ਼ ਕਰਨਾ ਸੀ ਅਤੇ ਉਨ੍ਹਾਂ ਨੂੰ ਵਾਅਦੇ ਦੇ ਦੇਸ ਵਿਚ ਦਾਖਲ ਹੋਣ ਦੇਣਾ ਸੀ?

ਉਨ੍ਹਾਂ ਦੀ ਬਗਾਵਤ ਤੇ ਬਾਵਜੂਦ, ਪਰਮੇਸ਼ੁਰ ਨੇ ਮੂਸਾ ਨੂੰ ਆਖਿਆ ਸੀ ਕਿ ਉਸ ਨੇ ਹਾਲੇ ਵੀ ਇਸਰਾਏਲੀਆਂ ਨੂੰ ਦੇਸ ਵਿਚ ਦਾਖਲ ਹੋਣ ਦੇਣਾ ਸੀ (33:1-3)। ਉਸ ਨੇ ਉਨ੍ਹਾਂ ਅੱਗੇ "ਇੱਕ ਦੂਤ" ਨੂੰ ਘੱਲਣਾ ਸੀ ਅਤੇ ਉਸ ਨੇ ਉਸ ਦੇਸ ਦੇ ਵਾਸੀਆਂ ਨੂੰ ਬਾਹਰ ਧੱਕ ਦੇਣਾ ਸੀ।

*ਕੀ ਰਾਹ ਵਿਚ ਜਾਂਦਿਆਂ ਪਰਮੇਸ਼ੁਰ ਉਨ੍ਹਾਂ ਦੇ ਨਾਲ ਹੋਵੇਗਾ?* ਉਸ ਸਮੇਂ ਜਦੋਂ ਪਰਮੇਸ਼ੁਰ ਨੇ ਇਸਰਾਏਲ ਨੂੰ ਉਸ ਦੇਸ ਵਿਚ ਲੈ ਕੇ ਆਉਣ ਦਾ ਵਾਅਦਾ ਕੀਤਾ ਸੀ, ਉਸ ਨੇ ਇਹ ਵੀ ਆਖਿਆ ਸੀ ਕਿ ਉਹ ਉਨ੍ਹਾਂ ਦੇ ਵਿਚਕਾਰ ਨਹੀਂ ਹੋਵੇਗਾ (33:3)। ਉਸ ਦੀ ਗੈਰ ਮੌਜੂਦਗੀ, ਇਕ ਭਾਵ ਵਿਚ, ਉਨ੍ਹਾਂ ਦੇ ਭਲੇ ਲਈ ਹੋਈ ਸੀ: "ਮੈਂ ਤੁਹਾਡੇ ਨਾਲ ਨਾਲ ਉਤਾਹਾਂ ਨਾ ਜਾਵਾਂਗਾ ਕਿਉਂ ਜੋ ... ਮਤੇ ਮੈਂ ਤੁਹਾਨੂੰ ਰਾਹ ਵਿੱਚ ਭਸਮ ਕਰ ਦਿਆਂ।" ਉਨ੍ਹਾਂ ਦੇ ਪਾਪ ਦੇ ਕਾਰਣ, ਜੇਕਰ ਪਰਮੇਸ਼ੁਰ ਉਨ੍ਹਾਂ ਦੇ ਵਿਚ ਹੁੰਦਾ, ਉਸ ਨੂੰ ਮਜਬੂਰਨ ਉਨ੍ਹਾਂ ਨੂੰ ਨਾਸ ਕਰਨਾ ਪੈਣਾ ਸੀ। ਇਸ ਲਈ, ਉਨ੍ਹਾਂ ਦੀ ਸੁਰੱਖਿਆ ਦੇ ਲਈ, ਉਹ "[ਉਨ੍ਹਾਂ ਦੇ"] ਨਾਲ" ਨਹੀਂ ਹੋਵੇਗਾ।

ਇਸਰਾਏਲੀਆਂ ਦੇ ਲਈ ਇਹ ਚਿੰਤਾਜਨਕ ਸ਼ਬਦ ਸਨ। ਉਨ੍ਹਾਂ ਨੇ "ਵਿਰਲਾਪ ਕੀਤਾ ਅਤੇ ਕਿਸੇ ਮਨੁੱਖ ਨੇ ਆਪਣੇ ਗਹਿਣੇ ਨਾ ਪਾਏ" (33:4)। ਮੂਸਾ ਨੇ ਪਰਮੇਸ਼ੁਰ ਦੇ ਅੱਗੇ ਬੇਨਤੀ ਕੀਤੀ ਕਿ ਉਹ ਉਸ ਦੇ ਅਤੇ ਉਸ ਦੀ ਪਰਜਾ ਦੇ ਨਾਲ ਹੋਵੇ। ਉਹ ਜਾਣਨਾ ਚਾਹੁੰਦਾ ਸੀ ਕਿ ਪਰਮੇਸ਼ੁਰ ਉਸ ਦੇ ਨਾਲ ਕਿਸ ਨੂੰ ਘੱਲੇਗਾ। ਉਹ ਪਰਮੇਸ਼ੁਰ ਦਿਆਂ ਰਾਹਾਂ ਨੂੰ ਜਾਣਨਾ ਅਤੇ ਪਰਮੇਸ਼ੁਰ ਦੀ ਨਜ਼ਰ ਵਿਚ ਕਿਰਪਾ ਪਾਉਣਾ ਚਾਹੁੰਦਾ ਸੀ। ਮੂਸਾ ਪਰਮੇਸ਼ੁਰ ਨੂੰ ਦੱਸਣਾ ਚਾਹੁੰਦਾ ਸੀ ਕਿ ਉਹ ਉਸ ਦੀ ਹਜ਼ੂਰੀ ਦੇ ਲਈ ਕਿੰਨਾ ਤਰਸਦਾ ਸੀ। ਉਸ ਨੇ ਪਰਮੇਸ਼ੁਰ ਨੂੰ ਨਿੱਤ ਉਸ ਦੀ ਪਰਜਾ ਦੇ ਨਾਲ ਰਹਿਣ ਦੇ ਲਈ ਆਖਿਆ (33:12, 13)।

ਪਰਮੇਸ਼ੁਰ ਨੇ ਆਖਿਆ ਕਿ ਉਸ ਦੀ ਹਜ਼ੂਰੀ ਇਸਰਾਏਲ ਦੇ ਸੰਗ ਹੋਵੇਗੀ (33:14)। ਮੂਸਾ ਨੇ ਉੱਤਰ ਦਿੱਤਾ, "ਜੇ ਤੇਰੀ ਹਜ਼ੂਰੀ ਸਾਡੇ ਸੰਗ ਨਹੀਂ ਜਾਂਦੀ ਤਾਂ ਸਾਨੂੰ ਏਥੋਂ ਉਤਾਹਾਂ ਨਾ ਲੈ ਜਾਵੀਂ" (33:15)। ਮੂਸਾ ਕਹਿ ਰਿਹਾ ਸੀ, "ਜੇ ਤੂੰ ਸਾਡੇ ਨਾਲ ਨਹੀਂ ਜਾਵੇਂਗਾ, ਤਾਂ ਸਾਡੇ ਲਈ ਬਿਹਤਰ ਇਹੀ ਹੋਵੇਗਾ ਕਿ ਅਸੀਂ ਨਾ ਜਾਈਏ!" ਮੂਸਾ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਸਾਡੀ ਪਹਿਲੀ ਪ੍ਰਾਥਮਿਕਤਾ ਸਾਡਾ ਪਰਮੇਸ਼ੁਰ ਦੇ ਨਾਲ ਹੋਣਾ ਅਤੇ ਉਸ ਦਾ ਸਾਡੇ ਨਾਲ ਹੋਣਾ ਹੈ।

ਕੀ ਇਹ ਪਰਮੇਸ਼ੁਰ ਦੇ ਲਈ ਲੋੜ ਦਾ ਇਕ ਸ਼ਕਤੀਸ਼ਾਲੀ ਕਥਨ ਨਹੀਂ ਹੈ? ਅਸੀਂ ਗਾਉਂਦੇ ਹਾਂ, "ਯਿਸੂ ਦੇ ਨਾਲ ਮੈਂ ਕਿਤੇ ਵੀ ਸੁਰੱਖਿਅਤ ਜਾ ਸਕਦਾ ਹਾਂ।"[7] ਜੇਕਰ ਮੂਸਾ ਅੱਜ ਜਿੰਦਾ ਹੁੰਦਾ, ਤਾਂ ਉਸ ਨੇ ਕਹਿਣਾ ਸੀ, "ਯਹੋਵਾਹ ਤੋਂ *ਬਿਨਾਂ* ਮੈਂ ਕਿਤੇ ਵੀ *ਨਹੀਂ* ਜਾਵਾਂਗਾ।" ਅਸੀਂ ਇਹ ਕਹਿਣ ਦੁਆਰਾ ਇਸ ਵਿਚਾਰ ਨੂੰ ਲਾਗੂ ਕਰ ਸਕਦੇ ਹਾਂ, "ਜੇਕਰ ਯਿਸੂ ਇਸ ਦੌਰੇ ਤੇ [ਜਾਂ ਇਸ ਕੰਮ ਤੇ] ਮੇਰੇ ਨਾਲ ਨਹੀਂ ਜਾ ਸਕਦਾ, ਤਾਂ ਫਿਰ ਮੈਂ ਵੀ ਨਹੀਂ ਜਾਵਾਂਗਾ।" ਉਸ ਦੀ ਹਜ਼ੂਰੀ ਮਹੱਤਵਪੂਰਣ ਹੈ।

*ਇਸਰਾਏਲ ਕਿਵੇਂ ਜਾਣ ਸਕਦਾ ਹੈ ਕਿ ਪਰਮੇਸ਼ੁਰ ਉਨ੍ਹਾਂ ਦੇ ਸੰਗ ਹੋਵੇਗਾ?* ਮੂਸਾ ਨੇ ਆਖਿਆ ਕਿ ਯਹੋਵਾਹ, ਆਪਣੀ ਪਰਜਾ ਨਾਲ ਜਾਣ ਦੀ ਉਸ ਦੀ ਸਹਿਮਤੀ ਦੇ ਇਕ ਚਿੰਨ੍ਹ ਦੇ ਰੂਪ ਵਿਚ, ਮੈਨੂੰ ਆਪਣਾ ਤੇਜ ਵਿਖਾਈਂ (33:18)। ਪਰਮੇਸ਼ੁਰ ਨੇ ਮੂਸਾ ਦੀ ਦਲੇਰੀ ਨਾਲ ਭਰੀ ਬੇਨਤੀ ਦਾ ਕਿਰਪਾਪੂਰਵਕ ਇਹ ਕਹਿੰਦੇ ਹੋਏ ਜਵਾਬ ਦਿੱਤਾ, "... ਮੈਂ ਤੇਰੇ ਅੱਗੇ ਯਹੋਵਾਹ ਦੇ ਨਾਉਂ ਦਾ ਪਰਚਾਰ ਕਰਾਂਗਾ।" ਹਾਲਾਂਕਿ ਪਰਮੇਸ਼ੁਰ ਮੂਸਾ ਨੂੰ ਆਪਣਾ ਚਿਹਰਾ ਨਹੀਂ ਸੀ ਵੇਖਣ ਦੇ ਸਕਦਾ, ਉਹ ਮੂਸਾ ਨੂੰ ਆਪਣਾ ਪਿੱਛਾ ਵਿਖਾਉਣ ਦੇ ਲਈ ਸਹਿਮਤ ਹੋ ਗਿਆ (33:19-23)। ਪਰਮੇਸ਼ੁਰ ਨੇ ਸੱਚਮੁੱਚ ਮੂਸਾ ਨੂੰ ਆਪਣੀ ਹਜ਼ੂਰੀ ਦਾ ਸਬੂਤ ਦਿੱਤਾ ਸੀ।

ਜਦੋਂ ਮਸੀਹੀ ਲੋਕ ਇਸ ਜੀਵਨ ਦੇ ਵਿੱਚੋਂ ਗੁਜਰਦੇ ਹਨ, ਅਸੀਂ ਹੈਰਾਨ ਹੋ ਸਕਦੇ ਹਾਂ, "ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਪਰਮੇਸ਼ੁਰ ਸਾਡੇ ਨਾਲ ਹੈ?" ਪਰਮੇਸ਼ੁਰ ਸਾਨੂੰ ਉਸ ਤਰ੍ਹਾਂ ਵਿਖਾਲੀ ਨਹੀਂ ਦਿੰਦਾ ਜਿਵੇਂ ਉਹ ਮੂਸਾ ਨੂੰ ਵਿਖਾਈ ਦਿੱਤਾ ਸੀ। ਫਿਰ ਵੀ, ਉਹ ਸਾਨੂੰ ਆਪਣੀ ਹਜ਼ੂਰੀ ਦੇ ਬਹੁਤ ਸਾਰੇ ਸਬੂਤ ਦਿੰਦਾ ਹੈ। ਸਾਡੇ ਕੋਲ ਪਰਮੇਸ਼ੁਰ ਦੁਆਰਾ ਰਚੇ ਗਏ ਸੰਸਾਰ ਦਾ ਸਬੂਤ ਅਤੇ ਉੱਤਰ ਮਿਲੀ ਹੋਈ ਪ੍ਰਾਰਥਨਾ ਦਾ ਸਬੂਤ ਹੈ। ਸਾਡੇ ਕੋਲ ਉਸ ਦੀ ਦੂਰ ਅੰਦੇਸ਼ੀ ਦਾ ਸਬੂਤ ਹੈ ਜੋ ਸਾਡੇ ਜੀਵਨਾਂ ਵਿੱਚ ਕੰਮ ਕਰਦੀ ਹੈ। ਸਾਡੇ ਕੋਲ ਪਰਮੇਸ਼ੁਰ ਦਾ ਵਚਨ ਅਰਥਾਤ ਬਾਈਬਲ ਹੈ, ਜਿਸ ਦੇ ਵਿਚ ਉਸ ਨੇ ਆਖਿਆ ਹੈ, "ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ" (ਇਬਰਾਨੀਆਂ 13:5)। ਪਰਮੇਸ਼ੁਰ ਹਮੇਸ਼ਾ ਵਫ਼ਾਦਾਰ ਹੈ (1 ਕੁਰਿੰਥੀਆਂ 10:13) ਅਤੇ ਉਹ ਹਮੇਸ਼ਾ ਆਪਣੇ ਵਾਅਦਿਆਂ ਨੂੰ ਪੂਰਾ ਕਰਦਾ ਹੈ।

ਅਸੀਂ ਯਾਦ ਕਰ ਸਕਦੇ ਹਾਂ ਉਸ ਸਮੇਂ ਨੂੰ ਜਦੋਂ ਅਸੀਂ ਬਹੁਤ ਛੋਟੇ ਸਾਂ ਅਤੇ ਸਾਡੇ ਮਾਤਾ-ਪਿਤਾ ਦਾ ਸਾਡੇ ਨੇੜੇ ਰਹਿਣਾ ਕਿੰਨਾ ਜ਼ਰੂਰੀ ਸੀ। ਜਦੋਂ ਮਾਤਾ-ਪਿਤਾ ਸਾਡੇ ਕਮਰੇ ਵਿੱਚੋਂ ਬਾਹਰ ਚਲੇ ਜਾਂਦੇ ਸਨ, ਤਾਂ ਅਸੀਂ ਉਨ੍ਹਾਂ ਦੇ ਵਾਪਸ ਆਉਣ ਤੱਕ, "ਜੁਦਾਈ ਅਤੇ ਚਿੰਤਾ" ਦਾ ਅਨੁਭਵ ਕਰਦੇ

ਸੀ। ਪਰਮੇਸ਼ੁਰ ਦੇ ਬੱਚੇ ਹੋਣ ਦੇ ਨਾਤੇ, ਸਾਨੂੰ "ਜੁਦਾਈ ਅਤੇ ਚਿੰਤਾ" ਦਾ ਅਨੁਭਵ ਕਰਨਾ ਚਾਹੀਦਾ ਹੈ ਜਦੋਂ ਅਸੀਂ ਪਾਪ ਦੇ ਕਾਰਣ ਪਰਮੇਸ਼ੁਰ ਤੋਂ ਜੁਦਾ ਹੋ ਜਾਂਦੇ ਹਾਂ (ਯਸਾਯਾਹ 59:1, 2)। ਜੇਕਰ ਸਾਡੇ ਨਾਲ ਉਸ ਤਰ੍ਹਾਂ ਹੋਇਆ ਹੈ, ਤਾਂ ਸਾਨੂੰ ਆਪਣੇ ਅਤੇ ਪ੍ਰਭੂ ਦੇ ਵਿਚਕਾਰ ਜੋ ਜੁਦਾਈ ਹੈ ਉਸ ਨੂੰ ਦੂਰ ਕਰਨ ਦੇ ਲਈ ਕਦਮ ਉਠਾਉਣੇ ਚਾਹੀਦੇ ਹਨ। ਅਸੀਂ ਘਰ ਵਾਪਸ ਆ ਸਕਦੇ ਹਾਂ, ਜਿਵੇਂ ਉਜਾੜੂ ਪੁੱਤਰ ਲੂਕਾ 15 ਵਿਚ ਆਪਣੇ ਘਰ ਵਾਪਸ ਆ ਗਿਆ ਸੀ ਅਤੇ ਪਰਮੇਸ਼ੁਰ ਸਾਨੂੰ ਮਿਲਣ ਦੇ ਲਈ ਦੌੜਾ ਆਵੇਗਾ।

### ਮਨੁੱਖ ਦੀ ਸਭ ਤੋਂ ਵੱਡੀ ਇੱਛਾ ਅਤੇ ਸਭ ਤੋਂ ਵੱਡੀ ਲੋੜ: ਪਰਮੇਸ਼ੁਰ ਨੂੰ ਜਾਣਨਾ ਅਤੇ ਪਰਮੇਸ਼ੁਰ ਦੁਆਰਾ ਜਾਣੇ ਜਾਣਾ (33:12-17)

ਇਨਸਾਨਾਂ ਦੀ ਹਮੇਸ਼ਾ ਤੋਂ ਇਹ ਇੱਛਾ ਰਹੀ ਹੈ ਕਿ ਉਹ ਪਰਮੇਸ਼ੁਰ ਨੂੰ ਜਾਣਨ, ਫਿਰ ਵੀ, ਜੋ ਲੋਕ ਅਲੌਕਿਕ ਖੇਤਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਦੇ ਹਨ ਅਕਸਰ ਇੱਕੋ ਸੱਚੇ ਪਰਮੇਸ਼ੁਰ ਨੂੰ ਠੁਕਰਾ ਦਿੰਦੇ ਹਨ। ਇਹ ਬੰਦ ਪਰਮੇਸ਼ੁਰ ਨੂੰ ਜਾਣਨ ਦੇ ਕੇਂਦਰਿਤ ਹੈ। (1) ਪਰਮੇਸ਼ੁਰ ਮਨੁੱਖ ਨੂੰ ਜਾਣਦਾ ਹੈ (33:12, 17)। (2) ਮਨੁੱਖ ਨੂੰ ਪਰਮੇਸ਼ੁਰ ਨੂੰ ਜਾਣਨ ਦੀ ਲੋੜ ਹੈ (33:13)। ਜਦੋਂ ਇਕ ਵਿਅਕਤੀ ਕਹਿ ਸਕਦਾ ਹੈ ਕਿ ਉਹ ਪਰਮੇਸ਼ੁਰ ਦੇ ਰਾਹਾਂ ਨੂੰ ਜਾਣਦਾ ਹੈ, ਤਾਂ ਉਹ ਪਰਮੇਸ਼ੁਰ ਨੂੰ ਜਾਣਦਾ ਹੈ; ਜਦੋਂ ਉਹ ਪਰਮੇਸ਼ੁਰ ਨੂੰ ਜਾਣਦਾ ਹੈ, ਤਾਂ ਉਹ ਪਰਮੇਸ਼ੁਰ ਦੀ ਨਿਗਾਹ ਵਿਚ "ਕਿਰਪਾ ਪਾ" ਸਕਦਾ ਹੈ। (3) ਪਰਮੇਸ਼ੁਰ ਮਨੁੱਖ ਦੇ ਲਈ ਉਸ ਨੂੰ ਜਾਣਨਾ ਸੰਭਵ ਬਣਾਉਂਦਾ ਹੈ (33:13, 17)। (4) ਜਦੋਂ ਲੋਕ ਪਰਮੇਸ਼ੁਰ ਨੂੰ "ਜਾਣਦੇ" ਹਨ, ਉਨ੍ਹਾਂ ਦਾ ਪਰਮੇਸ਼ੁਰ ਦੇ ਨਾਲ ਇਕ ਰਿਸ਼ਤਾ ਹੁੰਦਾ ਹੈ ਜੋ ਇਸ ਗੱਲ ਨੂੰ ਸਪੱਸ਼ਟ ਬਣਾਉਂਦਾ ਹੈ ਕਿ ਪਰਮੇਸ਼ੁਰ ਉਨ੍ਹਾਂ ਨੂੰ ਜਾਣਦਾ ਹੈ; ਉਹ ਉਸ ਦੀ ਪਰਜਾ ਬਣ ਜਾਂਦੇ ਹਨ, "ਸਾਰਿਆਂ ਲੋਕਾਂ ਵਿੱਚੋਂ ਅਣੋਖੇ" (33:16)। ਜਦੋਂ ਪਰਮੇਸ਼ੁਰ ਦੀ ਪਰਜਾ ਪਰਮੇਸ਼ੁਰ ਨੂੰ ਜਾਣਦੀ ਹੈ ਅਤੇ ਪਰਮੇਸ਼ੁਰ ਆਪਣੀ ਪਰਜਾ ਨੂੰ ਜਾਣਦਾ ਹੈ, ਉਹ ਸਪੱਸ਼ਟ ਰੂਪ ਵਿਚ ਉਨ੍ਹਾਂ ਦੇ ਆਲੇ-ਦੁਆਲੇ ਦੇ ਸੰਸਾਰ ਤੋਂ ਵੱਖਰੇ ਹਨ।

---

ਟਿੱਪਣੀਆਂ

[1]ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ,* ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1973), 222. [2]ਜੌਨ ਆਈ. ਡਰਹਮ, *ਐਕਸੋਡਸ,* ਵਰਡ ਬਿਬਲੀਕਲ ਕਮੈਂਟਰੀ, ਜਿਲਦ 3 (ਵਾਕੋ, ਟੈਕਸਾਸ: ਵਰਡ ਬੁਕਸ, 1987), 443. [3]ਡਬਲਿਯੂ. ਐਚ. ਜਿਸਪੈਨ ਨੇ ਟਿੱਪਣੀ ਕੀਤੀ ਸੀ ਕਿ ਇਹ ਆਇਤਾਂ ਮਾਪਦੰਡ ਹੋ ਸਕਦੀਆਂ ਹਨ, "ਕਿਸੇ ਅਜਿਹੀ ਚੀਜ਼ ਦਾ ਹਵਾਲਾ ਦਿੰਦੀਆਂ ਹਨ ਜੋ ਮੂਸਾ ਨੇ ਬਾਰ-ਬਾਰ ਕੀਤੀ (NIV)।" ਪਰ, ਉਸ ਨੇ ਇਸ ਵਿਚਾਰ ਦਾ ਸਮਰਥਨ ਕੀਤਾ ਕਿ ਉਹ ਉਸ ਦਾ ਹਵਾਲਾ ਦਿੰਦੀਆਂ ਹਨ "ਜੋ ਮੂਸਾ ਨੇ ਉਨ੍ਹਾਂ ਘਟਨਾਵਾਂ ਤੋਂ ਬਾਅਦ ਕੀਤਾ ਜਿਨ੍ਹਾਂ ਦਾ ਵਰਣਨ 1-6 ਆਇਤਾਂ ਵਿਚ ਕੀਤਾ ਗਿਆ ਸੀ।" (ਡਬਲਿਯੂ. ਐਚ. ਜਿਸਪੈਨ, *ਐਕਸੋਡਸ,* ਅਨੁਵਾਦ, ਏਡ ਵੈਨ ਡਰ ਮਾਸ, ਬਾਈਬਲ ਸਟੂਡੈਂਟਸ ਕਮੈਂਟਰੀ [ਗਰੈਂਡ ਰੈਪਿਡਸ, ਮਿਸ਼ੀਗਨ: ਰੀਜੈਂਸੀ ਰੈਫਰੰਸ ਲਾਇਬਰੇਰੀ, ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1982], 305-7)। [4]ਵਾਲਟਰ ਸੀ. ਕੇਸਰ, ਜੂਨੀਅਰ, "ਐਕਸੋਡਸ," *ਦ ਐਕਸਪੋਜ਼ੀਟਰਸ ਬਾਈਬਲ ਕਮੈਂਟਰੀ* ਵਿਚ, ਜਿਲਦ 2, *ਜੇਨੇਸਿਸ-ਨੰਬਰਸ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਜੋਂਡੇਰਵਨ, 1990), 483. [5]ਜਿਸਪੈਨ, 306. [6]ਕੋਲ, 225. [7]ਜੈਸੀ ਬਰਾਊਨ ਪਾਊਂਡਸ, "ਐਨੀਵੇਅਰ ਵਿਦ ਜੀਸਸ," *ਸੌਂਗਸ ਆਫ਼ ਫੇਥ ਐਂਡ ਪਰੇਸ*, ਰਚਨਾ ਅਤੇ ਸੰਪਾਦਨ, ਆਲਟਨ ਐਚ. ਹੋਵਾਰਡ (ਵੈਸਟ ਮੋਨਰੋ, ਲੁਸਿਆਨਾ: ਹੋਵਾਰਡ ਪਬਲਿਸ਼ਿੰਗ ਕੰਪਨੀ, 1994)।